## ਅਧਿਆਇ 16

# ਕ੍ਰੋਧ ਦੇ ਸੱਤ ਕਟੋਰੇ

ਪਰਕਾਸ਼ ਦੀ ਪੋਥੀ 16 ਵਿੱਚ, ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਯੂਹੰਨਾ ਨੇ "ਪਰਮੇਸ਼ੁਰ ਦੇ ਬਦਲੇ ਲੈਣ ਵਾਲੇ ਕ੍ਰੋਧ ਦੀਆਂ ਸਾਰੀਆਂ ਕਹਾਣੀਆਂ ਵਿੱਚੋਂ ਡਰ ਇਕੱਠੇ ਕੀਤੇ ਅਤੇ . . . ਉਨ੍ਹਾਂ ਨੂੰ ਤਬਾਹੀ ਦੀ ਆਖ਼ਰੀ ਭਿਆਣਕ ਜਲ ਪਰਲੋ ਵਿੱਚ ਬੇਪਰਤੀਤੇ ਸੰਸਾਰ ਤੇ ਸੁੱਟ ਦਿੱਤਾ।"[1] ਰਸੂਲ ਦੁਆਰਾ ਪਰਮੇਸ਼ੁਰ ਦੇ ਅੱਤ ਵੱਡੇ ਕ੍ਰੋਧ ਬਾਰੇ ਦਿੱਤੇ ਗਏ ਵਰਣਨ ਵਿੱਚ, ਇਸ ਤੋਂ ਵੱਧ ਹੋਰ ਡਰਾਵਣੇ ਸ਼ਬਦ ਨਹੀਂ ਹਨ: "ਵੱਡੀ ਨਗਰੀ ਬਾਬੁਲ ਪਰਮੇਸ਼ੁਰ ਦੀ ਦਰਗਾਹੇ *ਚੇਤੇ ਆਈ* ਭਈ ਆਪਣੇ ਅੱਤ ਵੱਡੇ ਕ੍ਰੋਧ ਦੀ ਮੈ ਦਾ ਪਿਆਲਾ ਉਹ ਨੂੰ ਦੇਵੇ" (16:19; ਜ਼ੋਰ ਦਿੱਤਾ ਗਿਆ ਹੈ; 18:15 ਵੇਖੋ)। (ਪੁਰਾਣੇ ਨੇਮ ਵਿੱਚ ਇਸੇ ਨਾਲ ਮਿਲਦੇ-ਜੁਲਦੇ ਸ਼ਬਦਾਂ ਲਈ, ਹਿਜ਼ਕੀਏਲ 21:24 ਅਤੇ ਹੋਸ਼ੇਆ 9:9 ਵੇਖੋ)।

ਸਾਡਾ ਪਰਮੇਸ਼ੁਰ "ਦਯਾਲੂ ਅਤੇ ਕਿਰਪਾਲੂ ਪਰਮੇਸ਼ੁਰ ਹੈ, ਗੁੱਸੇ ਵਿੱਚ ਧੀਰਜੀ ਅਤੇ ਦਯਾ ਤੇ ਵਫ਼ਾਦਾਰੀ ਨਾਲ ਭਰਪੂਰ ਹੈ" (ਜ਼ਬੂਰ 86:15)। ਉਸ ਦੇ ਧੀਰਜ ਤੋਂ ਸਭ ਚੰਗੀ ਤਰ੍ਹਾਂ ਵਾਕਫ਼ ਹਨ (ਰੋਮੀਆਂ 2:4; 1 ਪਤਰਸ 3:20)। ਇਸ ਤੱਥ ਦੇ ਕਾਰਣ, ਕਈ ਵਾਰ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਪਰਮੇਸ਼ੁਰ ਮਨੁੱਖਜਾਤੀ ਦੀ ਗੰਭੀਰ ਅਣਆਗਿਆਕਾਰੀ ਬਾਰੇ ਭੁੱਲ ਚੁੱਕਾ ਹੈ, ਪਰ ਪਰਮੇਸ਼ੁਰ ਭੁੱਲਿਆ ਨਹੀਂ ਹੈ। ਉਹ ਮਨੁੱਖ ਨੂੰ ਆਪਣਾ ਪ੍ਰੇਮ ਜਤਾਉਂਦਾ ਹੈ; ਉਹ ਮਨੁੱਖ ਨੂੰ ਚਿਤਾਵਨੀ ਦਿੰਦਾ ਹੈ – ਜਦੋਂ ਤੱਕ ਕਿ ਇਹ ਸਪੱਸ਼ਟ ਨਹੀਂ ਹੋ ਜਾਂਦਾ ਹੈ ਕਿ ਹੁਣ ਅੱਗੇ ਕੋਸ਼ਿਸ਼ ਕਰਨਾ ਵਿਅਰਥ ਹੈ। ਫਿਰ, ਪਰਮੇਸ਼ੁਰ ਹਰੇਕ ਨਾ ਮਾਫ਼ ਕੀਤੇ ਗਏ ਪਾਪ ਨੂੰ, ਹਰੇਕ ਨਾ ਪਸ਼ਚਾਤਾਪ ਕੀਤੇ ਗਏ ਪਾਪ ਨੂੰ ਯਾਦ ਕਰਦਾ ਹੈ – ਅਤੇ ਉਸ ਦਾ ਕ੍ਰੋਧ ਉਲੱਦਿਆ ਜਾਂਦਾ ਹੈ। ਕ੍ਰੋਧ ਦੇ ਕਟੋਰਿਆਂ ਤੋਂ ਪਰਮੇਸ਼ੁਰ ਮਸੀਹੀ ਲੋਕਾਂ ਨੂੰ ਇੱਹੋ ਸਿੱਖਿਆ ਦੇਣਾ ਚਾਹੁੰਦਾ ਸੀ।

ਅਧਿਆਇ 15 ਅਤੇ 16 ਸਪੱਸ਼ਟ ਤੌਰ ਤੇ ਗਲਾਤੀਆਂ 6:7 ਦੀ ਸੱਚਾਈ ਦੀ ਮਿਸਾਲ ਦਿੰਦੇ ਹਨ: "ਤੁਸੀਂ ਧੋਖਾ ਨਾ ਖਾਓ, ਪਰਮੇਸ਼ੁਰ ਠੱਠਿਆਂ ਵਿੱਚ ਨਹੀਂ ਉਡਾਈਦਾ ਕਿਉਂਕਿ ਮਨੁੱਖ ਜੋ ਕੁਝ ਬੀਜਦਾ ਹੈ ਸੋਈਓ ਵੱਢੇਗਾ ਵੀ।" ਜਦੋਂ ਪਰਮੇਸ਼ੁਰ ਦਾ ਕ੍ਰੋਧ ਉਲੱਦਿਆ ਜਾਵੇਗਾ, ਪਾਪੀਆਂ ਨੂੰ ਫਿਰ ਤੋਬਾ ਕਰਨ ਦੇ ਹੋਰ ਮੌਕੇ ਨਹੀਂ ਦਿੱਤੇ ਜਾਣਦੇ।

ਬਹੁਤ ਸਾਰੀਆਂ ਕਮੈਂਟਰੀਆਂ ਇਸ ਗੱਲ ਦੀ ਚਰਚਾ ਕਰਦੀਆਂ ਹਨ ਕਿ ਅਧਿਆਇ 15 ਅਤੇ 16 ਦੁਨਿਆਵੀ ਨਿਆਂ ਬਾਰੇ ਜਾਂ ਆਖ਼ਰੀ ਨਿਆਂ ਬਾਰੇ ਦੱਸਦੇ ਹਨ। ਪਸੁਤਕ ਦਾ ਸੰਦਰਭ, ਨਾਲੇ ਸਮਾਂ ਮਿਆਦ, ਇਸ ਵਿਚਾਰ ਦਾ ਸਮਰਥਨ ਕਰਦੇ ਹਨ ਕਿ ਇਹ ਹਵਾਲਾ ਰੋਮੀ ਸਾਮਰਾਜ ਦੀ ਬਰਬਾਦੀ ਦਾ ਹਵਾਲਾ ਦਿੰਦਾ ਹੈ। ਕਟੋਰਿਆਂ ਵਾਲੇ ਭਾਗ ਦਾ ਅੰਤ ਵੱਡੀ ਨਗਰੀ ਬਾਬੁਲ ਦਾ ਪਤਨ ਹੈ (16:19), ਜਿਹੜਾ ਕਿ ਅਗਲੇ ਅਧਿਆਇ ਵਿੱਚ ਰੋਮ ਦੀ ਨਗਰੀ ਵਜੋਂ ਪਛਾਣਿਆ ਗਿਆ ਹੈ (17:9, 18)। ਫਿਰ ਵੀ, ਜਦ ਕਿ ਪਹਿਲੀ ਸਦੀ ਦੇ ਮਸੀਹੀ ਲੋਕਾਂ ਨੇ ਨਿਸ਼ਚਤ ਤੌਰ ਤੇ ਇਹ ਸਮਝ ਲਿਆ ਹੋਵੇਗਾ ਕਿ ਇਹ ਅਧਿਆਇ ਉਨ੍ਹਾਂ ਨੂੰ ਇਹ ਸਿੱਖਿਆ ਦੇਣ ਲਈ ਸਨ ਕਿ ਪਰਮੇਸ਼ੁਰ ਉਨ੍ਹਾਂ ਦੇ ਸਤਾਉਣ ਵਾਲਿਆਂ ਅਰਥਾਤ ਰੋਮੀਆਂ ਦਾ ਨਿਆਂ ਕਰੇਗਾ,

ਕੁਝ ਆਇਤਾਂ ਨਿਆਂ ਦੇ ਦਿਨ ਵਰਗੀਆਂ ਪ੍ਰਤੀਤ ਹੁੰਦੀਆਂ ਹਨ (ਵੇਖੋ 16:18-21)।

ਅਸੀਂ ਅਧਿਆਇ 16 ਦੀਆਂ ਤਿੰਨ ਪ੍ਰਾਸੰਗਿਕਤਾਵਾਂ ਬਣਾਉਣ ਵਿੱਚ ਸੁਰੱਖਿਅਤ ਹਾਂ: (1) ਯੂਹੰਨਾ ਦੇ ਸਮੇਂ ਵਿੱਚ, ਇਸ ਅਧਿਆਇ ਦੀ ਰੋਮੀ ਸਾਮਰਾਜ ਦੇ ਲਈ ਇੱਕ ਖ਼ਾਸ ਅਤੇ ਵਿਸ਼ੇਸ਼ ਪ੍ਰਾਸੰਗਿਕਤਾ ਸੀ। (2) ਇਹ ਅਧਿਆਇ ਇਹ ਵੀ ਸਿੱਧ ਕਰਦਾ ਹੈ ਕਿ ਪਰਮੇਸ਼ੁਰ ਅਨਿਸ਼ਚਿਤ ਕਾਲ ਦੇ ਲਈ *ਕਿਸੇ* ਵੱਲੋਂ ਵੀ ਬੇਪਰਵਾਹੀ ਅਤੇ ਅਣਆਗਿਆਕਰੀ ਨੂੰ ਸਹਿਣ ਨਹੀਂ ਕਰੇਗਾ, ਭਾਵੇਂ ਇਹ ਕਿਸੇ ਵਿਅਕਤੀ ਜਾਂ ਇੱਕ ਕੌਮ ਦੇ ਵੱਲੋਂ ਹੋਵੇ। ਜ਼ਬੂਰ ਲਿਖਣ ਵਾਲੇ ਨੇ ਲਿਖਿਆ, "ਦੁਸ਼ਟ ਪਤਾਲ ਵਿੱਚ ਮੁੜ ਜਾਣਗੇ, ਓਹ ਸਾਰੀਆਂ ਕੌਮਾਂ ਜਿਹੜੀਆਂ ਪਰਮੇਸ਼ੁਰ ਨੂੰ ਵਿਸਾਰ ਦਿੰਦੀਆਂ ਹਨ" (ਜ਼ਬੂਰ 9:17)। ਇਤਹਾਸ ਇਸ ਸੱਚਾਈ ਦੇ ਉਦਾਹਰਣਾਂ ਨਾਲ ਭਰਿਆ ਪਿਆ ਹੈ। ਪ੍ਰਸਿੱਧ ਇਤਹਾਸਕਾਰ ਆਰਨਲਡ ਟੌਨਬੀ ਅਨੁਸਾਰ, ਉਨੀਆਂ ਵਿੱਚੋਂ ਸੋਲਾਂ ਸੱਭਿਆਤਾਵਾਂ ਜੋ ਇਤਹਾਸ ਦੇ ਪੰਨਿਆਂ ਨੂੰ ਪਾਰ ਕਰਕੇ ਆਈਆਂ ਹਨ ਖਤਮ ਹੋ ਚੁੱਕੀਆਂ ਹਨ।[2] ਜਿਮ ਮੈਕਗਿਊਗਨ ਨੇ ਜ਼ੋਰ ਦਿੱਤਾ ਸੀ ਕਿ "ਪੁਸਤਕ ਵਿੱਚ ਜੋ ਸਿਧਾਂਤ ਸਿਖਾਏ ਗਏ ਹਨ ਹਰ ਸਮੇਂ ਸਾਰੀਆਂ ਕੌਮਾਂ ਨਾਲ ਪਰਮੇਸ਼ੁਰ ਦੀਆਂ ਕਰਨੀਆਂ ਤੇ ਲਾਗੂ ਹੁੰਦੇ ਹਨ ਅਤੇ ਇਸ ਲਈ ਇਹ ਅੱਜ ਵੀ ਓਨੇ ਹੀ ਢੁਕਵੇਂ ਹਨ ਜਿੰਨੇ ਕਿ ਪਹਿਲਾਂ ਸਨ।"[3] (3) ਅਧਿਆਇ 16 ਵਿੱਚ ਉਲੱਦਿਆ ਗਿਆ ਕ੍ਰੋਧ "ਅੰਤ ਦੇ ਦਿਨ" (ਯੂਹੰਨਾ 12:48) ਕੁਧਰਮੀ ਤੇ ਪੈਣ ਵਾਲੇ ਪਰਮੇਸ਼ੁਰ ਦੇ ਕ੍ਰੋਧ ਦੀ ਝਲਕ ਦਿੰਦਾ ਹੈ। ਐਡਵਰਡ ਮੈਕਡੋਵੈਲ ਨੇ ਕਿਹਾ ਹੈ,

> ਨਵੇਂ ਨੇਮ ਵਿੱਚ ਪਰਮੇਸ਼ੁਰ ਦੇ ਦੁਨਿਆਵੀ ਅਤੇ ਆਖ਼ਰੀ ਕ੍ਰੋਧ ਦੇ ਪਰਗਟ ਕੀਤੇ ਜਾਣ ਵਿਚਕਾਰ ਇੱਕ ਤਿੱਖੀ ਵੰਡ ਕੀਤੀ ਜਾਵੇ। ਉਹ ਕ੍ਰੋਧ ਜਿਹੜਾ ਇਤਹਾਸ ਵਿੱਚ ਪਰਗਟ ਕੀਤਾ ਗਿਆ ਹੈ ਉਸ ਨੂੰ ਆਖ਼ਰੀ ਨਿਆਂ ਵਿੱਚ ਇਸ ਦਾ ਆਖ਼ਰੀ ਵਾਰ ਪੂਰਾ ਹੋਣਾ ਸਮਝਿਆ ਜਾਵੇ। ਇਸ ਲਈ, ਇਤਹਾਸ ਵਿੱਚ ਪਰਮੇਸ਼ੁਰ ਦੇ ਕ੍ਰੋਧ ਦਾ ਹਰੇਕ ਪ੍ਰਗਟਾਵਾ ਆਉਣ ਵਾਲੇ ਕ੍ਰੋਧ ਦਾ ਪੂਰਵ-ਅਨੁਭਵ ਹੈ।[4]

ਚੀਨੀ ਲੋਕਾਂ ਦੀ ਇੱਕ ਕਹਾਵਤ ਹੈ ਕਿ "ਹੁਣ ਤੱਕ ਕੋਈ ਪੰਛੀ ਇਹੋ ਜਿਹਾ ਨਹੀਂ ਹੋਇਆ ਜਿਹੜਾ ਜਿੱਥੇ ਵੀ ਜਾਵੇ ਉਸ ਦੀ ਪੂਛ ਉਸ ਦੇ ਪਿੱਛੇ-ਪਿੱਛੇ ਨਾ ਜਾਵੇ।"[5] ਦੂਜੇ ਸ਼ਬਦਾਂ ਵਿੱਚ, ਕੋਈ ਵੀ ਆਪਣੀਆਂ ਕਰਨੀਆਂ ਦੇ ਨਤੀਜਿਆਂ ਤੋਂ ਨਹੀਂ ਬਚ ਸਕਦਾ। ਇਹ ਤੱਥ ਵਿਸ਼ੇਸ਼ ਤੌਰ ਤੇ ਪਾਪ ਦੇ ਸੰਬੰਧ ਵਿੱਚ ਸੱਚਾ ਹੈ: "ਜਾਣੋ ਭਈ ਤੁਹਾਡਾ ਪਾਪ ਤੁਹਾਡੇ ਉੱਤੇ ਆ ਪਵੇਗਾ" (ਗਿਣਤੀ 32:23)। ਕ੍ਰੋਧ ਦੇ ਸੱਤ ਕਟੋਰੇ ਪਾਪ ਦੇ ਦੁਖਦਾਈ ਨਤੀਜਿਆਂ ਨੂੰ ਦਰਸਾਉਂਦੇ ਹਨ।

## ਪਹਿਲਾ ਕਟੋਰਾ (16:1, 2)

**1ਮੈਂ ਹੈਕਲ ਵਿੱਚੋਂ ਇੱਕ ਵੱਡੀ ਅਵਾਜ਼ ਓਹਨਾਂ ਸੱਤਾਂ ਦੂਤਾਂ ਨੂੰ ਇਹ ਆਖਦੇ ਸੁਣੀ ਭਈ ਚੱਲੋ ਅਤੇ ਪਰਮੇਸ਼ੁਰ ਦੇ ਕ੍ਰੋਧ ਦੇ ਸੱਤ ਕਟੋਰੇ ਧਰਤੀ ਉੱਤੇ ਉਲੱਦ ਦਿਓ! 2ਪਹਿਲੇ ਨੇ ਜਾ ਕੇ ਆਪਣਾ ਕਟੋਰਾ ਧਰਤੀ ਉੱਤੇ ਉਲੱਦ ਦਿੱਤਾ। ਤਾਂ ਜਿਨ੍ਹਾਂ ਮਨੁੱਖਾਂ ਉੱਤੇ ਓਸ ਦਰਿੰਦੇ ਦਾ ਦਾਗ ਸੀ ਅਤੇ ਜਿਹੜੇ ਉਸ ਦੀ ਪੂਜਾ ਕਰਦੇ ਸਨ ਓਹਨਾਂ ਨੂੰ ਉਸ ਤੋਂ ਬੁਰਾ ਡਾਢਾ ਘਾਉ ਪੈ ਗਿਆ।**

**ਆਇਤ 1.** ਯੂਹੰਨਾ ਨੇ **ਹੈਕਲ ਵਿੱਚੋਂ ਇੱਕ ਵੱਡੀ ਅਵਾਜ਼ ਸੁਣੀ**। ਕਿਉਂਕਿ ਸਿਰਫ ਪ੍ਰਭੂ ਇਕੱਲਾ ਹੀ ਹੈਕਲ ਵਿੱਚ ਸੀ (15:8), ਬੋਲਣ ਵਾਲਾ ਉਹੀ ਸੀ। ਉਸ ਨੇ **ਸੱਤ ਦੂਤਾਂ ਨੂੰ** ਹੁਕਮ ਦਿੱਤਾ, **ਚੱਲੋ ਅਤੇ ਪਰਮੇਸ਼ੁਰ ਦੇ ਕ੍ਰੋਧ ਦੇ ਸੱਤ ਕਟੋਰੇ ਧਰਤੀ ਉੱਤੇ ਉਲੱਦ ਦਿਓ**! 15:1 ਵਿੱਚ

ਪਾਠਕ ਨੂੰ ਦੱਸਿਆ ਗਿਆ ਸੀ ਕਿ "ਸੱਤ ਦੂਤ ਸੱਤ ਬਵਾਂ ਲਏ ਹੋਏ ਖਲੋਤੇ ਸਨ ਜਿਹੜੀਆਂ ਛੇਕੜਲੀਆਂ ਹਨ ਕਿਉਂ ਜੋ ਓਹਨਾਂ ਨਾਲ ਪਰਮੇਸ਼ੁਰ ਦਾ ਕ੍ਰੋਧ ਸੰਪੂਰਨ ਹੋਇਆ।" 15:6 ਵਿੱਚ "ਓਹ ਸੱਤ ਦੂਤ ਜਿਨ੍ਹਾਂ ਕੋਲ ਸੱਤ ਬਵਾਂ ਸਨ ਹੈਕਲ ਵਿੱਚੋਂ ਨਿੱਕਲੇ।" 15:7 ਵਿੱਚ "ਚੌਹਾਂ ਜੰਤੂਆਂ ਵਿੱਚੋਂ ਇੱਕ ਨੇ ਓਹਨਾਂ ਸੱਤਾਂ ਦੂਤਾਂ ਨੂੰ ਸੋਨੇ ਦੇ ਸੱਤ ਕਟੋਰੇ ਫੜਾਏ ਜਿਹੜੇ ਪਰਮੇਸ਼ੁਰ ਦੇ ਕ੍ਰੋਧ ਨਾਲ ਭਰੇ ਹੋਏ ਸਨ।" 16:1 ਵਿੱਚ, ਸੱਤ ਦੂਤਾਂ ਨੂੰ ਧਰਤੀ ਉੱਤੇ ਸੱਤ ਕਟੋਰੇ ਉਲੱਦਣ ਦਾ ਹੁਕਮ ਦਿੱਤਾ ਗਿਆ। ਬਾਕੀ ਦਾ 16 ਅਧਿਆਇ ਕਟੋਰਿਆਂ ਦੇ ਖਾਲੀ ਕਰਨ ਦਾ ਵਰਣਨ ਕਰਦਾ ਹੈ।

ਇਹ ਭਾਗ ਰੱਬੀ ਨਿਆਂ ਦਾ ਤੀਜਾ ਦੌਰ ਹੈ: ਪਹਿਲਾਂ ਸੱਤ ਮੋਹਰਾਂ ਸਨ (ਅਧਿਆਇ 4-7), ਫਿਰ ਸੱਤ ਤੁਰ੍ਹੀਆਂ (ਅਧਿਆਇ 8-11) ਅਤੇ ਹੁਣ ਸੱਤ ਕਟੋਰੇ (ਅਧਿਆਇ 15, 16)। ਪਹਿਲਾਂ ਵੀ ਇਹ ਸੁਝਾਅ ਦਿੱਤਾ ਗਿਆ ਸੀ ਕਿ ਸੱਤਵੀਂ ਮੋਹਰ ਨੇ ਸੱਤ ਤੁਰ੍ਹੀਆਂ ਨੂੰ ਪੇਸ਼ ਕੀਤਾ ਸੀ, ਜਦ ਕਿ ਸਤਵੀਂ ਤੁਰ੍ਹੀ ਨੇ ਸੱਤ ਕਟੋਰਿਆਂ ਦੇ ਲਈ ਮੰਚ ਤਿਆਰ ਕੀਤਾ (ਅਧਿਆਇ 8 ਤੇ ਸ਼ੁਰੂਆਤੀ ਟਿੱਪਣੀਆਂ ਵੇਖੋ)। ਇਹ ਤਿੰਨ ਲੜੀਆਂ ਦੀਆਂ ਕਈ ਗੱਲਾਂ ਵਿੱਚ ਸਮਾਨਤਾ ਹੈ: (1) ਹਰ ਲੜੀ ਚਾਰ ਬਹੁਤ ਹੀ ਨੇੜਿਓਂ ਸੰਬੰਧਤ ਦਰਸ਼ਣਾਂ ਦੇ ਇੱਕ ਸਮੂਹ ਨਾਲ ਸ਼ੁਰੂ ਹੁੰਦੀ ਹੈ ਜਿਸ ਤੋਂ ਬਾਅਦ ਤਿੰਨ ਇੱਕ ਦੂਜੇ ਨਾਲ ਜੁੜੇ ਹੋਏ ਅਸਪੱਸ਼ਟ ਦਰਸ਼ਣ ਆਉਂਦੇ ਹਨ। (2) ਹਰ ਲੜੀ ਵਿੱਚ ਤਿੰਨ ਪਹਿਲੂ ਸ਼ਾਮਲ ਹੁੰਦੇ ਹਨ ਜੋ ਕਿ ਰੋਮੀ ਸਾਮਰਾਜ ਦਾ ਪਤਨ ਲੈ ਕੇ ਆਏ: ਕੁਦਰਤੀ ਆਫ਼ਤ, ਅੰਦਰੂਨੀ ਨਾਸ ਅਤੇ ਬਾਹਰੀ ਹਮਲਾ। (3) ਹਰ ਲੜੀ ਵਿੱਚ ਛੇਵੇਂ ਅਤੇ ਸਤਵੇਂ ਦਰਸ਼ਣ ਵਿੱਚ ਵਿਘਨ ਪਿਆ ਸੀ। (ਕੁਝ ਲੇਖਕ ਛੇਵੇਂ ਅਤੇ ਸਤਵੇਂ ਕਟੋਰਿਆਂ ਵਿਚਕਾਰ ਵਿਘਨ ਜਾਂ ਅੰਤਰਾਲ ਨਹੀਂ ਵੇਖਦੇ; ਉਹ ਕਹਿੰਦੇ ਹਨ ਕਿ 16:13-16 ਦਾ ਦ੍ਰਿਸ਼ ਛੇਵੇਂ ਕਟੋਰੇ ਦਾ ਇੱਕ ਮਹੱਤਵਪੂਰਣ ਭਾਗ ਹੈ।) (4) ਹਰ ਲੜੀ ਪਰਮੇਸ਼ੁਰ ਦੀ ਸ਼ਕਤੀ ਦੇ ਪ੍ਰਦਰਸ਼ਣ ਨਾਲ ਖਤਮ ਹੁੰਦੀ ਹੈ।

ਆਖ਼ਰੀ ਦੋ ਲੜੀਆਂ, ਸੱਤ ਤੁਰ੍ਹੀਆਂ ਅਤੇ ਸੱਤ ਕਟੋਰੇ, ਖ਼ਾਸ ਕਰਕੇ ਬਹੁਤ ਨੇੜਿਓਂ ਇੱਕ ਦੂਜੀ ਨਾਲ ਸੰਬੰਧਤ ਹਨ। ਉਨ੍ਹਾਂ ਦੇ ਆਮ ਤੱਤਾਂ ਤੇ ਧਿਆਨ ਦਿਓ:

| ਤੁਰ੍ਹੀਆਂ (ਪਰਕਾਸ਼ ਦੀ ਪੋਥੀ 8-11) | ਕਟੋਰੇ (ਪਰਕਾਸ਼ ਦੀ ਪੋਥੀ 16) |
|---|---|
| 1. ਧਰਤੀ<br>2. ਸਮੁੰਦਰ<br>3. ਦਰਿਆਵਾਂ ਅਤੇ ਪਾਣੀਆਂ ਦੇ ਸੁੰਬਾਂ<br>4. ਸੂਰਜ/ਚੰਦ ਤਾਰੇ<br>5. ਕਸ਼ਟ<br>6. ਫ਼ਰਾਤ ਅਤੇ ਫੌਜ | 1. ਧਰਤੀ<br>2. ਸਮੁੰਦਰ<br>3. ਦਰਿਆਵਾਂ ਅਤੇ ਪਾਣੀਆਂ ਦੇ ਸੁੰਬਾਂ<br>4. ਸੂਰਜ<br>5. ਪੀੜਾਂ<br>6. ਫ਼ਰਾਤ ਅਤੇ ਫੌਜ |

ਇਸ ਸੰਬੰਧ ਦੇ ਕਾਰਨ, ਕਟੋਰਿਆਂ ਨੂੰ ਸਮਝਣ ਦੇ ਲਈ, ਸਾਨੂੰ ਪਹਿਲਾਂ ਤੁਰ੍ਹੀਆਂ ਦੀ ਸਮੀਖਿਆ ਕਰਨੀ ਪਵੇਗੀ। ਤੁਰ੍ਹੀਆਂ ਦੇ ਸਾਡੇ ਅਧਿਐਨ ਵਿੱਚ, ਪ੍ਰਮੁੱਖ ਜ਼ੋਰ *ਪਾਪ ਦਾ ਪ੍ਰਭਾਵ* ਸੀ: ਕਾਇਨਾਤ ਤੇ (ਪਹਿਲੀਆਂ ਚਾਰ ਤੁਰ੍ਹੀਆਂ), ਵਿਅਕਤੀ ਤੇ (ਪੰਜਵੀਂ ਤੁਰ੍ਹੀ) ਅਤੇ ਦੂਜਿਆਂ ਤੇ (ਛੇਵੀਂ ਤੁਰ੍ਹੀ) ਪਾਪ ਦਾ ਪ੍ਰਭਾਵ। ਕਾਇਨਾਤ ਤੇ ਪਾਪ ਦੇ ਪ੍ਰਭਾਵ ਸੰਬੰਧੀ, ਕੁਦਰਤੀ ਤਬਾਹੀਆਂ ਤੇ ਚਰਚਾ ਕੀਤੀ ਗਈ ਸੀ, ਜਿਵੇਂ ਕਿ ਹਨੇਰੀਆਂ, ਤੂਫ਼ਾਨ, ਭੁਚਾਲ ਅਤੇ ਹੜ੍ਹ। ਵਿਅਕਤੀ ਤੇ ਪਾਪ ਦੇ ਪ੍ਰਭਾਵ ਸੰਬੰਧੀ, ਦੋਸ਼ੀ ਅੰਤਹਕਰਨ ਦੀ ਪੀੜਾ ਉਨ੍ਹਾਂ ਕਈ ਨਤੀਜਿਆਂ ਵਿੱਚੋਂ ਇੱਕ ਸੀ ਜਿਨ੍ਹਾਂ ਤੇ ਚਰਚਾ ਕੀਤੀ ਗਈ ਸੀ। ਦੂਜਿਆਂ ਤੇ ਪਾਪ ਦੇ ਪ੍ਰਭਾਵ ਸੰਬੰਧੀ, ਯੁੱਧ ਨੂੰ ਪਾਪ ਦੇ ਦੂਰਗਾਮੀ

ਪ੍ਰਭਾਵਾਂ ਦੇ ਉਦਾਹਰਣ ਦੇ ਰੂਪ ਵਿੱਚ ਵਰਤਿਆ ਗਿਆ ਸੀ। ਇਹ ਸੁਝਾਅ ਦਿੱਤਾ ਗਿਆ ਸੀ ਕਿ ਪਰਮੇਸ਼ੁਰ ਮਨੁੱਖਜਾਤੀ ਨੂੰ *ਚਿਤਾਉਣ*, ਮਨੁੱਖ ਨੂੰ ਪਾਪ ਦੀ ਵੱਲੋਂ ਆਪਣੇ ਵੱਲ ਮੋੜਨ ਦੀ ਕੋਸ਼ਿਸ਼ ਵਿੱਚ ਪਾਪ ਦੇ ਇਨ੍ਹਾਂ ਪ੍ਰਭਾਵਾਂ ਨੂੰ ਉਸ ਉੱਤੇ ਪੈਣ ਦਿੰਦਾ ਹੈ।

ਤੁਰ੍ਹੀਆਂ ਅਤੇ ਕਟੋਰਿਆਂ ਵਿਚਕਾਰ ਬਹੁਤ ਸਾਰੀਆਂ ਸਮਾਨਤਾਵਾਂ ਵੇਖੀਆਂ ਜਾ ਸਕਦੀਆਂ ਹਨ, ਪਰ ਸਾਨੂੰ ਕਟੋਰਿਆਂ ਨੂੰ ਸਿਰਫ "ਦੁਹਰਾਏ ਜਾਣ" ਦੇ ਰੂਪ ਵਿੱਚ ਨਹੀਂ ਸਮਝਣਾ ਚਾਹੀਦਾ। ਸਮਾਨਤਾਵਾਂ ਮਹੱਤਵਪੂਰਣ ਹਨ, ਪਰ ਉਸੇ ਤਰ੍ਹਾਂ ਅੰਤਰ ਵੀ ਮਹੱਤਵਪੂਰਣ ਹਨ:

1. ਤੁਰ੍ਹੀਆਂ ਅਤੇ ਕਟੋਰੇ ਉਨ੍ਹਾਂ ਦੇ ਕੰਮ ਦੇ *ਉਦੇਸ਼* ਵਿੱਚ ਵੱਖਰੇ ਹਨ। ਤੁਰ੍ਹੀਆਂ ਨਾਲ, ਮਨੁੱਖਜਾਤੀ ਅਕਸਰ ਅਸਿੱਧੇ ਤੌਰ ਤੇ ਪ੍ਰਭਾਵਿਤ ਹੋਈ ਸੀ; ਤੀਜੀ ਤੁਰ੍ਹੀ ਤੱਕ ਤਾਂ ਮਨੁੱਖਾਂ ਦਾ ਜ਼ਿਕਰ ਵੀ ਨਹੀਂ ਸੀ ਕੀਤਾ ਗਿਆ (8:11)। ਤੁਲਨਾ ਵਿੱਚ, ਪਹਿਲੇ ਕਟੋਰੇ ਤੋਂ ਸ਼ੁਰੂਆਤ ਕਰਦਿਆਂ, ਮਨੁੱਖ ਸਿੱਧੇ ਤੌਰ ਤੇ ਨਿਸ਼ਾਨਾ ਬਣਾਏ ਗਏ ਸਨ – ਖ਼ਾਸ ਕਰਕੇ, ਉਹ "ਜਿਨ੍ਹਾਂ ਉੱਤੇ ਓਸ ਦਰਿੰਦੇ ਦਾ ਦਾਗ ਸੀ ਅਤੇ ਜਿਹੜੇ ਉਸ ਦੀ ਪੂਜਾ ਕਰਦੇ ਸਨ" (16:2)। ਜਦੋਂ ਪਰਮੇਸ਼ੁਰ ਦਾ ਕ੍ਰੋਧ ਉਲੱਦਿਆ ਜਾਵੇਗਾ, ਕੋਈ ਦਯਾ ਨਹੀਂ ਕੀਤੀ ਜਾਵੇਗੀ।

2. ਤੁਰੀਆਂ ਅਤੇ ਕਟੋਰੇ ਉਨ੍ਹਾਂ ਦੇ ਕੰਮ ਦੀ *ਤੀਬਰਤਾ* ਵਿੱਚ ਵੱਖਰੇ ਹਨ। ਆਮ ਤੌਰ ਤੇ, ਤੁਰ੍ਹੀਆਂ ਨੇ ਆਪਣੇ ਨਿਸ਼ਾਨਿਆਂ ਦੇ ਸਿਰਫ ਇੱਕ ਤਿਹਾਈ ਨੂੰ ਪ੍ਰਭਾਵਿਤ ਕੀਤਾ ਸੀ (8:7-12; 9:15, 18)। ਕਟੋਰਿਆਂ ਤੇ ਇਹੋ ਜਿਹੀ ਕੋਈ ਪਾਬੰਦੀ ਨਹੀਂ ਸੀ ਲਗਾਈ ਗਈ (ਵੇਖੋ 16:3)। ਜਦੋਂ ਪਰਮੇਸ਼ੁਰ ਦਾ ਕ੍ਰੋਧ ਉਲੱਦਿਆ ਜਾਵੇਗਾ, ਕੋਈ ਪਾਬੰਦੀ ਨਹੀਂ ਹੋਵੇਗੀ।

3. ਤੁਰੀਆਂ ਅਤੇ ਕਟੋਰੇ ਉਨ੍ਹਾਂ ਦੇ ਕੰਮ ਦੀ *ਤੇਜ਼ੀ* ਵਿੱਚ ਵੱਖਰੇ ਹਨ। ਉਹ ਦੂਤ ਜਿਨ੍ਹਾਂ ਦੇ ਕੋਲ ਕਟੋਰੇ ਸਨ ਉਨ੍ਹਾਂ ਨੂੰ ਇੱਕੋ ਹੁਕਮ ਦਿੱਤਾ ਗਿਆ ਸੀ (16:1), ਜਿਸ ਤੋਂ ਬਾਅਦ ਉਨ੍ਹਾਂ ਨੇ ਸਪੱਸ਼ਟ ਤੌਰ ਤੇ ਕਟੋਰਿਆਂ ਨੂੰ ਛੇਤੀ ਨਾਲ ਉਲੱਦ ਦਿੱਤਾ ਸੀ, ਇੱਕ ਤੋਂ ਬਾਅਦ ਦੂਜਾ। ਜਦੋਂ ਪੰਜਵਾਂ ਕਟੋਰਾ ਉਲੱਦਿਆ ਗਿਆ ਸੀ (16:10), ਮਨੁੱਖਾਂ ਤੇ ਹਾਲੇ ਵੀ ਡਾਢੇ ਘਾਉ ਸਨ ਜੋ ਪਹਿਲਾ ਕਟੋਰਾ ਉਲੱਦਣ ਦੇ ਨਤੀਜੇ ਵਜੋਂ ਹੋਏ ਸਨ (16:2, 11)। ਜਦੋਂ ਪਰਮੇਸ਼ੁਰ ਦਾ ਕ੍ਰੋਧ ਉਲੱਦਿਆ ਜਾਵੇਗਾ, ਕੋਈ ਦੇਰੀ ਨਹੀਂ ਹੋਵੇਗੀ।

4. ਤੁਰੀਆਂ ਅਤੇ ਕਟੋਰੇ ਉਨ੍ਹਾਂ ਦੇ *ਕੰਮ* ਵਿੱਚ ਵੱਖਰੇ ਹਨ। ਜਿਵੇਂ ਕਿ ਪਹਿਲਾਂ ਵੀ ਟਿੱਪਣੀ ਕੀਤੀ ਗਈ ਸੀ, ਹਾਲਾਂਕਿ ਤੁਰ੍ਹੀਆਂ ਨੇ ਪੀੜਾ ਅਤੇ ਦੁੱਖ ਦਿੱਤਾ ਸੀ – ਅਤੇ, ਕੁਝ ਹੱਦ ਤੱਕ, ਮੌਤ – ਉਨ੍ਹਾਂ ਦਾ ਮੁਢਲਾ ਕੰਮ ਉਨ੍ਹਾਂ ਨੂੰ *ਚਿਤਾਵਨੀ ਦੇਣਾ* ਸੀ (15:1 ਤੇ ਟਿੱਪਣੀਆਂ ਵੇਖੋ)। ਪਰਮੇਸ਼ੁਰ ਆਪਣੇ ਵੱਲ ਪਾਪੀ ਮਨੁੱਖ ਦਾ ਧਿਆਨ ਖਿੱਚਣ ਦੀ ਕੋਸ਼ਿਸ਼ ਕਰ ਰਿਹਾ ਸੀ। ਤੁਰ੍ਹੀਆਂ ਦੇ ਕੰਮ ਦਾ ਖੁਲਾਸਾ ਪਤਰਸ ਦੇ ਸ਼ਬਦਾਂ ਵਿੱਚ ਕੀਤਾ ਜਾ ਸਕਦਾ ਹੈ: "ਪ੍ਰਭੂ . . . ਤੁਹਾਡੇ ਨਾਲ ਧੀਰਜ ਕਰਦਾ ਹੈ ਕਿਉਂ ਜੋ ਉਹ ਨਹੀਂ ਚਾਹੁੰਦਾ ਹੈ ਭਈ ਕਿਸੇ ਦਾ ਨਾਸ ਹੋਵੇ ਸਗੋਂ ਸੱਭੇ ਤੋਬਾ ਵੱਲ ਮੁੜਨ" (2 ਪਤਰਸ 3:9)। ਦੂਜੇ ਪਾਸੇ, ਕਟੋਰਿਆਂ ਦਾ ਮੁਢਲਾ ਕੰਮ ਚਿਤਾਵਨੀ ਦੇਣਾ ਨਹੀਂ ਸੀ, ਪਰ *ਸਜ਼ਾ ਦੇਣਾ* ਸੀ। "*ਮੁਢਲਾ* ਕੰਮ" ਸ਼ਬਦ ਇਸ ਸੰਭਵਾਨਾ ਦੇ ਕਾਰਨ ਵਰਤਿਆ ਗਿਆ ਹੈ ਕਿ "ਉਨ੍ਹਾਂ ਨੇ ਤੋਬਾ ਨਾ ਕੀਤੀ" (16:9, 11) ਵਾਕ ਇਹ ਇਸ਼ਾਰਾ ਕਰਦਾ ਹੈ ਕਿ ਮਨੁੱਖ ਤੋਬਾ *ਕਰ ਸਕਦੇ* ਸਨ। ਜੇਕਰ ਕਟੋਰੇ (ਰੋਮੀ ਸਾਮਰਾਜ ਤੇ) ਦੁਨਿਆਵੀ ਨਿਆਂ ਨੂੰ ਦਰਸਾਉਂਦੇ ਹਨ, ਤਾਂ ਉਹ ਮਨੁੱਖ ਜਿਹੜੇ ਸਿੱਧੇ ਤੌਰ ਤੇ ਪ੍ਰਭਾਵਿਤ ਨਹੀਂ ਸੀ ਹੋਏ ਰੋਮ ਦੀ ਕਿਸਮਤ ਤੋਂ ਸਬਕ ਸਿੱਖ ਕੇ ਪਰਮੇਸ਼ੁਰ ਵੱਲ ਮੁੜ ਸਕਦੇ ਸਨ। ਇਸੇ ਕਰਕੇ ਇਹ ਸੰਭਾਵਨਾ ਹੈ ਕਿ ਦੂਜਾ ਕੰਮ ਕੁਝ ਨੂੰ ਚਿਤਾਵਨੀ ਦੇਣਾ ਅਤੇ ਉਨ੍ਹਾਂ ਨੂੰ ਤੋਬਾ ਵੱਲ ਲੈ ਕੇ ਆਉਣਾ ਸੀ। ਫਿਰ ਵੀ, ਮੁਢਲਾ ਕੰਮ, ਕਠੋਰ ਦਿਲ ਵਾਲੇ ਤੋਬਾ ਨਾ ਕੀਤੇ ਹੋਏ ਮਨੁੱਖਾਂ ਨੂੰ *ਸਜ਼ਾ ਦੇਣਾ* ਸੀ।

ਫੇਰ, ਭਾਵੇਂ ਕਿ ਕਟੋਰੇ ਮੂਲ ਰੂਪ ਵਿੱਚ ਤੁਰੀਆਂ ਦੇ ਸਮਾਨਾਂਤਰ ਹਨ, ਜ਼ਿਆਦਾਤਰ ਰੂਪਕ

ਵੱਖਰੇ ਹਨ। ਇਸ ਦਾ ਇੱਕ ਕਾਰਣ ਇਹ ਹੈ ਕਿ ਕਟੋਰਿਆਂ ਦਾ ਪ੍ਰਤੀਕਵਾਦ ਜ਼ਿਆਦਾਤਰ ਉਨ੍ਹਾਂ ਬਵਾਂ ਦਾ ਬਾਰੇ ਦੱਸਦਾ ਹੈ ਜੋ ਮਿਸਰ ਤੇ ਪਈਆਂ ਸਨ (15:1 ਤੇ ਟਿੱਪਣੀਆਂ ਵੇਖੋ)।

**ਆਇਤ 2. ਪਹਿਲੇ ਨੇ ਜਾ ਕੇ ਆਪਣਾ ਕਟੋਰਾ ਧਰਤੀ ਉੱਤੇ ਉਲੱਦ ਦਿੱਤਾ। ਤਾਂ ਜਿਨ੍ਹਾਂ ਮਨੁੱਖਾਂ ਉੱਤੇ ਓਸ ਦਰਿੰਦੇ ਦਾ ਦਾਗ ਸੀ ਅਤੇ ਜਿਹੜੇ ਉਸ ਦੀ ਪੂਜਾ ਕਰਦੇ ਸਨ ਓਹਨਾਂ ਨੂੰ ਉਸ ਤੋਂ ਬੁਰਾ ਡਾਢਾ ਘਾਉ ਪੈ ਗਿਆ।** ਅਨੁਵਾਦ ਕੀਤਾ ਗਿਆ **ਘਾਉ** ਸ਼ਬਦ ਲਈ ਜਿਹੜਾ ਯੂਨਾਨੀ ਸ਼ਬਦ ἕλκος (*ਹੇਲਕੋਸ*) ਸਪਤਤੀ (ਸੈਪਟੂਏਜਿੰਟ) ਵਿੱਚ ਉਨ੍ਹਾਂ ਛਾਲਿਆਂ ਦੇ ਲਈ ਵਰਤਿਆ ਗਿਆ ਸੀ ਜੋ ਮਿਸਰੀ ਲੋਕਾਂ ਨੂੰ ਹੋਏ ਸਨ (ਕੂਚ 9:9-11)। ਕੁਝ ਲੋਕ ਯਾਦ ਕਰ ਸਕਦੇ ਹਨ ਕਿ ਗਹਿਰੇ, ਬੁਖਾਰ ਵਾਲੇ, ਦਰਦਨਾਕ ਛਾਲਾ ਹੋਣਾ ਨਾਲ ਕਿਸ ਤਰ੍ਹਾਂ ਦਾ ਲੱਗਦਾ ਹੈ। ਅਸੀਂ ਸਿਰਫ ਕਲਪਨਾ ਹੀ ਕਰ ਸਕਦੇ ਹਾਂ ਕਿ ਉਨ੍ਹਾਂ ਨੂੰ ਪੂਰੇ ਸਰੀਰ ਨੂੰ ਢੱਕਣ ਨਾਲ ਕਿਸ ਤਰ੍ਹਾਂ ਦਾ ਲੱਗਾ ਹੋਵੇਗਾ। ਫਿਰ ਵੀ, *ਹੇਲਕੋਸ* ਸ਼ਬਦ ਚਮੜੀ ਦੇ ਕਈ ਤਰ੍ਹਾਂ ਦੇ ਵਿਕਾਰਾਂ ਦੀ ਗੱਲ ਕਰ ਸਕਦਾ ਹੈ, ਜਿਨ੍ਹਾਂ ਵਿੱਚ ਚਮੜੀ ਦੇ ਫੋੜੇ, ਚਮੜੀ ਦੇ ਕੈਂਸਰ ਅਤੇ ਸਗੋਂ ਕੋੜ ਵਰਗੇ ਵਿਕਾਰ ਸ਼ਾਮਲ ਹਨ।

ਕਟੋਰਿਆਂ ਨੂੰ ਜਥਾਰਥ ਰੂਪ ਵਿੱਚ ਨਹੀਂ ਲਿਆ ਜਾਣਾ ਚਾਹੀਦਾ ਹੈ। ਘਾਉ ਉਸ ਦੁੱਖ ਅਤੇ ਪੀੜ ਦਾ *ਪ੍ਰਤੀਕ* ਹਨ ਜੋ ਮਨੁੱਖ ਆਪਣੇ ਪਾਪ ਦੇ ਕਾਰਨ ਆਪਣੇ ਉੱਤੇ ਲੈ ਕੇ ਆਏ ਸਨ। ਇਸ ਵਿੱਚ ਸਰੀਰਕ ਬਿਮਾਰੀਆਂ ਸ਼ਾਮਲ ਜੋ ਸਕਦੀਆਂ ਹਨ, ਪਰ ਇਸ ਵਿੱਚ ਹੋਰ ਵੀ ਬਹੁਤ ਕੁਝ ਸ਼ਾਮਲ ਹੈ।

ਜਿਨ੍ਹਾਂ ਨੂੰ **ਬੁਰੇ ਡਾਢੇ** ਘਾਉ ਨਾਲ ਨਿਸ਼ਾਨਾ ਬਣਾਇਆ ਗਿਆ ਸੀ ਉਹ ਲੋਕ ਸਨ **ਜਿਨ੍ਹਾਂ ਉੱਤੇ ਓਸ ਦਰਿੰਦੇ ਦਾ ਦਾਗ ਸੀ ਅਤੇ ਜਿਹੜੇ ਉਸ ਦੀ ਪੂਜਾ ਕਰਦੇ ਸਨ** – ਦੂਜੇ ਸ਼ਬਦਾਂ ਵਿੱਚ, ਜਿਹੜੇ ਸਮਰਾਟ ਦੀ ਪੂਜਾ ਕਰਦੇ ਅਤੇ ਉਹ ਸਭ ਕੁਝ ਕਰਦੇ ਜੋ ਇਸ ਵਿੱਚ ਸ਼ਾਮਲ ਸੀ। ਅੱਜ ਜੇਕਰ ਇਸ ਦਾ ਵਰਣਨ ਕਰਨਾ ਹੋਵੇ ਤਾਂ ਇਸ ਵਿੱਚ ਉਹ ਸਾਰੇ ਲੋਕ ਸ਼ਾਮਲ ਹੋਣਗੇ ਜਿਹੜੇ ਪਰਮੇਸ਼ੁਰ ਦੇ ਸਨਮੁਖ ਦੂਜੇ ਦੇਵੀ-ਦੇਵਤਿਆਂ, ਦੂਜੇ ਲੋਕਾਂ, ਦੂਜੀਆਂ ਚੀਜ਼ਾਂ ਨੂੰ ਰੱਖਦੇ ਹਨ (ਵੇਖੋ ਕੂਚ 20:3)।

## ਦੂਜਾ ਕਟੋਰਾ (16:3)

**3ਤਾਂ ਦੂਏ ਨੇ ਆਪਣਾ ਕਟੋਰਾ ਸਮੁੰਦਰ ਉੱਤੇ ਉਲੱਦ ਦਿੱਤਾ। ਤਾਂ ਓਹ ਮੁਰਦੇ ਦੇ ਲਹੂ ਜਿਹਾ ਬਣ ਗਿਆ ਅਤੇ ਹਰੇਕ ਜੀਉਂਦੀ ਜਾਣ ਜਿਹੜੀ ਸਮੁੰਦਰ ਵਿੱਚ ਸੀ ਮਰ ਗਈ।**

**ਆਇਤ 3.** ਦੂਜੀ ਤੁਰ੍ਹੀ ਦੇ ਵੱਜਣ ਤੇ, ਸਮੁੰਦਰ ਦੀ ਇੱਕ *ਤਿਹਾਈ* ਲਹੂ ਬਣ ਗਈ (8:8), ਪਰ ਹੁਣ *ਸਾਰਾ* **ਸਮੁੰਦਰ ਮੁਰਦੇ ਦੇ ਲਹੂ ਜਿਹਾ ਬਣ ਗਿਆ** – ਗਾੜ੍ਹਾ ਅਤੇ ਦੁਰਗੰਧ ਵਾਲਾ। ਅਸੀਂ ਬਦਬੂਦਾਰ ਸਮੁੰਦਰੀ ਤੱਟਾਂ ਨੂੰ ਜੰਮੇ ਹੋਏ ਲਹੂ ਨਾਲ ਅਤੇ ਮੱਛੀਆਂ ਅਤੇ ਹੋਰ ਸਮੁੰਦਰੀ ਜੀਵਾਂ ਦੀਆਂ ਲਾਸ਼ਾਂ ਨਾਲ ਢੱਕੇ ਹੋਣ ਦੀ ਕਲਪਨਾ ਕਰ ਸਕਦੇ ਹਾਂ। ਉਹ ਬਦਬੂ ਪ੍ਰਬਲ ਹੋਈ ਹੋਵੇਗੀ।

ਫੇਰ, ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਸ ਦ੍ਰਿਸ਼ ਨੂੰ ਜਥਾਰਥ ਰੂਪ ਵਿੱਚ ਨਹੀਂ ਲੈਣਾ ਹੈ। ਕਦੇ ਕੋਈ ਅਜਿਹਾ ਸਮਾਂ ਨਹੀਂ ਹੋਵੇਗਾ ਜਦੋਂ ਸਮੁੰਦਰਾਂ ਦਾ ਸਾਰਾ ਪਾਣੀ ਲਹੂ ਵਿੱਚ ਬਦਲ ਜਾਵੇ; ਇਹ ਭਾਸ਼ਾ ਪ੍ਰਤੀਕਾਤਮਕ ਹੈ। ਉਨ੍ਹਾਂ ਦਿਨਾਂ ਵਿੱਚ, ਵਪਾਰ ਦੇ ਲਈ ਸਾਰੇ ਦੇਸ ਸਮੁੰਦਰ ਤੇ ਨਿਰਭਰ ਹੁੰਦੇ ਸਨ ਅਤੇ ਮੱਛੀ ਉਦਯੋਗ ਭੋਜਨ ਦਾ ਇੱਕ ਮੁੱਖ ਸ੍ਰੋਤ ਸੀ। ਇਸ ਤਰ੍ਹਾਂ ਇਹ ਦ੍ਰਿਸ਼ ਪਾਪ ਦੇ ਭਿਆਣਕ ਪ੍ਰਭਾਵਾਂ ਤੇ ਜ਼ੋਰ ਦੇਣਾ ਜਾਰੀ ਰੱਖਦਾ ਹੈ: ਪਾਪ ਜੀਵਨ ਵਿੱਚ

ਵਿਘਨ ਪਾਉਂਦਾ ਹੈ। ਪਾਪ ਜਿਸ ਕਿਸੇ ਚੀਜ਼ ਨੂੰ ਛੋਹੰਦਾ ਹੈ ਭਰਿਸ਼ਟ ਕਰ ਦਿੰਦਾ ਹੈ।

## ਤੀਜਾ ਕਟੋਰਾ (16:4-7)

**4ਫੇਰ ਤੀਏ ਨੇ ਆਪਣਾ ਕਟੋਰਾ ਦਰਿਆਵਾਂ ਅਤੇ ਪਾਣੀਆਂ ਦੇ ਸੁੰਬਾਂ ਉੱਤੇ ਉਲੱਦ ਦਿੱਤਾ। ਤਾਂ ਓਸ ਤੋਂ ਓਹ ਲਹੂ ਬਣ ਗਏ। 5ਅਤੇ ਮੈਂ ਪਾਣੀਆਂ ਦੇ ਦੂਤ ਨੂੰ ਇਹ ਆਖਦੇ ਸੁਣਿਆ, - ਹੇ ਪਵਿੱਤਰ ਪੁਰਖ, ਤੂੰ ਜੋ ਹੈਂ ਅਤੇ ਤੂੰ ਜੋ ਸੈਂ, ਤੂੰ ਧਰਮੀ ਹੈਂ, ਤੈਂ ਇਉਂ ਨਿਆਉਂ ਜੋ ਕੀਤਾ, 6ਕਿਉਂ ਜੋ ਓਹਨਾਂ ਨੇ ਸੰਤਾਂ ਅਤੇ ਨਬੀਆਂ ਦਾ ਲਹੂ ਵਹਾਇਆ, ਤਾਂ ਤੈਂ ਓਹਨਾਂ ਨੂੰ ਪੀਣ ਲਈ ਲਹੂ ਦਿੱਤਾ ਹੈ! ਓਹ ਇਸੇ ਦੇ ਜੋਗ ਹਨ! 7ਫੇਰ ਮੈਂ ਜਗਵੇਦੀ ਨੂੰ ਏਹ ਆਖਦੇ ਸੁਣਿਆ, ਹੇ ਪ੍ਰਭੂ ਪਰਮੇਸ਼ੁਰ ਸਰਬ ਸ਼ਕਤੀਮਾਨ, ਤੇਰੀਆਂ ਅਦਾਲਤਾਂ ਸੱਚੀਆਂ ਅਤੇ ਜਥਾਰਥ ਹਨ**!

**ਆਇਤ 4. ਫੇਰ ਤੀਏ ਨੇ ਆਪਣਾ ਕਟੋਰਾ ਦਰਿਆਵਾਂ ਅਤੇ ਪਾਣੀਆਂ ਦੇ ਸੁੰਬਾਂ ਉੱਤੇ ਉਲੱਦ ਦਿੱਤਾ। ਤਾਂ ਓਸ ਤੋਂ ਓਹ ਲਹੂ ਬਣ ਗਏ।** ਜਦੋਂ ਨੀਲ ਦਰਿਆ ਦਾ ਪਾਣੀ ਲਹੂ ਵਿੱਚ ਬਦਲ ਗਿਆ, ਮਿਸਰੀ ਲੋਕਾਂ ਨੇ ਪੀਣ ਦੇ ਪਾਣੀ ਲਈ ਖੂਹ ਪੁੱਟੇ (ਕੂਚ 7:24), ਪਰ ਪਰਕਾਸ਼ ਦੀ ਪੋਥੀ 16 ਵਿੱਚ ਤੀਜੀ ਬਵਾਂ ਦੌਰਾਨ, ਪਾਣੀ ਦੀਆਂ ਸੁੰਬਾਂ – ਪਾਣੀ ਦੇ ਸੋਮੇ ਵੀ – ਲਹੂ ਵਿੱਚ ਬਦਲ ਗਏ। ਕਿਤੇ ਕੋਈ ਪਾਣੀ ਨਹੀਂ ਸੀ ਮਿਲ ਸਕਦਾ। ਲੀਓਨ ਮੌਰਿਸ ਨੇ ਟਿੱਪਣੀ ਕੀਤੀ, "ਪੀਣ ਵਾਲੇ ਪਾਣੀ ਤੋਂ ਬਗੈਰ ਮਨੁੱਖਜਾਤੀ ਲਈ ਕੋਈ ਭਵਿੱਖ ਨਹੀਂ ਹੈ।"[6] ਜੇਮਸ ਸਟਰਾਉਸ ਦਾ ਮੰਨਣਾ ਸੀ ਕਿ "ਪਾਣੀ ਦੀ ਘਾਟ ਕਾਰਨ ਹੋਣ ਵਾਲੀ ਪੀੜਾ ਮਨੁੱਖੀ ਦੁੱਖ ਦੀ ਸਭ ਤੋਂ ਵੱਧ ਕਸ਼ਟਦਾਇਕ ਪੀੜਾ ਹੈ।"[7]

ਕੀ ਇਸ ਦਾ ਅਰਥ ਇਹ ਹੈ ਕਿ ਇੱਕ ਦਿਨ ਦੁਨੀਆ ਵਿੱਚ ਸਾਰਾ ਪਾਣੀ ਲਹੂ ਵਿੱਚ ਬਦਲ ਜਾਵੇਗਾ? ਜਥਾਰਥਵਾਦੀ ਇਸੇ ਤਰ੍ਹਾਂ ਹੀ ਸੋਚਦੇ ਹਨ। ਇੱਕ ਲੇਖਕ ਨੇ ਤਾਂ ਇਹ ਸੁਝਾਅ ਵੀ ਦਿੱਤਾ ਸੀ ਕਿ "ਕੋਕਾ ਕੋਲਾ ਦੀ ਬਹੁਤ ਜ਼ਿਆਦਾ ਘਾਟ ਹੋ ਜਾਵੇਗੀ।"[8] ਇਸ ਦਾ ਜ਼ੋਰਦਾਰ ਉੱਤਰ ਹਾਲੇ ਵੀ "ਨਾਂਹ ਹੀ ਹੈ, ਇਸ ਨੂੰ ਜਥਾਰਥ ਰੂਪ ਵਿੱਚ *ਨਹੀਂ* ਲੈਣਾ ਹੈ। ਇਹ ਪ੍ਰਤੀਕ ਹਨ!" ਲਹੂ ਦਾ ਪ੍ਰਤੀਕ ਦੂਜੇ ਅਤੇ ਤੀਜੇ ਕਟੋਰਿਆਂ ਦੇ ਸੰਬੰਧ ਵਿੱਚ ਵਰਤਿਆ ਗਿਆ ਹੈ ਕਿਉਂਕਿ ਆਤਮਾ ਕੋਲ ਦੱਸਣ ਦੇ ਲਈ ਇੱਕ ਗੱਲ ਹੈ, ਉਹ ਗੱਲ ਜਿਸ ਤੇ 6 ਅਤੇ 7 ਆਇਤਾਂ ਵਿੱਚ ਜ਼ੋਰ ਦਿੱਤਾ ਗਿਆ ਹੈ। ਜਦੋਂ ਤੀਜੀ ਤੁਰ੍ਹੀ ਵੱਜੀ, ਧਰਤੀ ਦਾ ਪਾਣੀ ਵੀ ਨਾ ਪੀਣ ਯੋਗ ਬਣ ਗਿਆ – ਪਰ ਉਸ ਸਮੇਂ ਇਸ ਲਈ ਕਿਉਂਕਿ ਪਾਣੀ ਕੌੜਾ ਬਣਾ ਦਿੱਤਾ ਗਿਆ ਸੀ (8:11)। *ਲਹੂ* ਦਾ ਪ੍ਰਤੀਕ ਇਹ ਜ਼ੋਰ ਦੇਣ ਦੇ ਲਈ ਤੀਜੇ ਕਟੋਰੇ ਦੇ ਸੰਬੰਧ ਵਿੱਚ ਵਰਤਿਆ ਗਿਆ ਹੈ ਕਿ "ਸਜ਼ਾ ਜੁਰਮ ਲਈ ਬਿਲਕੁਲ ਢੁਕਵੀਂ ਹੈ" (ਆਇਤ 6 ਤੇ ਟਿੱਪਣੀਆਂ ਵੇਖੋ)।

**ਆਇਤ 5. ਅਤੇ ਮੈਂ ਪਾਣੀਆਂ ਦੇ ਦੂਤ ਨੂੰ ਇਹ ਆਖਦੇ ਸੁਣਿਆ, - ਹੇ ਪਵਿੱਤਰ ਪੁਰਖ, ਤੂੰ ਜੋ ਹੈਂ ਅਤੇ ਤੂੰ ਜੋ ਸੈਂ, ਤੂੰ ਧਰਮੀ ਹੈਂ, ਤੈਂ ਇਉਂ ਨਿਆਉਂ ਜੋ ਕੀਤਾ। ਪਾਣੀਆਂ ਦੇ ਦੂਤ** ਵਾਕ ਬਾਈਬਲ ਹੋਰ ਕਿਤੇ ਵੀ ਨਹੀਂ ਪਾਇਆ ਜਾਂਦਾ। ਇਹ ਦੂਤ ਸ਼ਾਇਦ ਉਹ ਦੂਤ ਹੋ ਸਕਦਾ ਹੈ ਜਿਸ ਨੂੰ ਧਰਤੀ ਦੇ ਪਾਣੀਆਂ ਉੱਤੇ ਜ਼ਿੰਮੇਵਾਰੀ ਦਿੱਤੀ ਗਈ ਸੀ, ਜਾਂ ਇਹ ਉਹ ਦੂਤ ਹੋ ਸਕਦਾ ਹੈ ਜਿਸ ਨੇ ਦਰਿਆਵਾਂ ਉੱਤੇ ਆਪਣੇ ਕਟੋਰੇ ਨੂੰ ਉਲੱਦਿਆ ਸੀ (ਆਇਤ 4)। ਨਾਟਕ ਵਿੱਚ ਉਸ ਦਾ ਉਦੇਸ਼ ਇਸ ਗੱਲ ਤੇ ਜ਼ੋਰ ਦੇਣਾ ਸੀ ਕਿ ਪਰਮੇਸ਼ੁਰ ਆਪਣੇ ਕ੍ਰੋਧ ਨੂੰ ਉਲੱਦਣ ਵਿੱਚ ਸੱਚਾ ਅਤੇ ਧਰਮੀ ਹੈ (ਵੇਖੋ ਨਹਮਯਾਹ 9:33)। NIV ਬਾਈਬਲ ਵਿੱਚ "ਤੂੰ ਇਨ੍ਹਾਂ ਨਿਆਵਾਂ ਵਿੱਚ ਧਰਮੀ ਹੈਂ" ਹੈ।

ਜਿਵੇਂ 11:17 ਵਿੱਚ ਹੈ, ਤੀਜਾ ਸ਼ਬਦ "ਜਿਹੜਾ ਆਉਣ ਵਾਲਾ ਹੈ" ਨਹੀਂ ਵਰਤਿਆ ਗਿਆ

ਕਿਉਂਕਿ ਪ੍ਰਭੂ ਨਿਆਂ ਵਿੱਚ ਆ ਚੁੱਕਾ ਸੀ (11:17 ਤੇ ਟਿੱਪਣੀਆਂ ਵੇਖੋ)। ਦੂਤ ਦੇ ਸ਼ਬਦ ਅਧਿਆਇ 15 ਵਿੱਚ ਮੂਸਾ ਅਤੇ ਲੇਲੇ ਦੇ ਗੀਤ ਦੇ ਸਮਾਨ ਹਨ। ਪਰਮੇਸ਼ੁਰ ਨੂੰ ਫੇਰ **ਪਵਿੱਤਰ ਪੁਰਖ** ਕਿਹਾ ਗਿਆ ਹੈ (15:4 ਵੇਖੋ)।

**ਆਇਤ 6.** ਪਰਮੇਸ਼ੁਰ ਦੇ ਨਿਆਂ ਦੇ ਕੰਮ ਤੇ ਇਨ੍ਹਾਂ ਜਬਰਦਸਤ ਸ਼ਬਦਾਂ ਵਿੱਚ ਜ਼ੋਰ ਦਿੱਤਾ ਗਿਆ ਹੈ। **ਕਿਉਂ ਜੋ ਓਹਨਾਂ ਨੇ ਸੰਤਾਂ ਅਤੇ ਨਬੀਆਂ ਦਾ ਲਹੂ ਵਹਾਇਆ, ਤਾਂ ਤੈਂ ਓਹਨਾਂ ਨੂੰ ਪੀਣ ਲਈ ਲਹੂ ਦਿੱਤਾ ਹੈ! ਓਹ ਇਸੇ ਦੇ ਜੋਗ ਹਨ! ਸੰਤਾਂ ਅਤੇ ਨਬੀਆਂ** ਵਾਕ ਮਸੀਹੀ ਲੋਕਾਂ ਦੀਆਂ ਦੋ ਸ਼੍ਰੇਣੀਆਂ ਬਾਰੇ ਨਹੀਂ ਦੱਸ ਰਿਹਾ ਹੈ, ਪਰ "*ਸਾਰੇ* ਮਸੀਹੀ ਲੋਕ, ਜਿਨ੍ਹਾਂ ਵਿੱਚ ਉਹ ਵੀ ਸ਼ਾਮਲ ਹਨ ਜਿਹੜੇ ਅਗਵਾਈ ਕਰਦੇ ਹਨ" ਕਹਿਣ ਦਾ ਤਰੀਕਾ ਹੈ। ਨਬੀ ਕਲੀਸੀਆ ਦੇ ਆਰੰਭਕ ਆਗੂਆਂ ਵਿੱਚੋਂ ਸਨ (ਅਫ਼ਸੀਆਂ 4:11 ਵੇਖੋ)। ਓਹ ਇਸੇ ਦੇ ਜੋਗ ਹਨ ਵਾਕ ਦਾ ਅਨੁਵਾਦ "ਉਹ ਜੋਗ ਹਨ" ਵੀ ਕੀਤਾ ਜਾ ਸਕਦਾ ਹੈ (KJV)। ਪੌਲੁਸ ਨੇ ਰੋਮੀਆਂ 1:32 ਵਿੱਚ "ਜੋਗ" (ἄξιος, *ਐਕਸੀਓਸ*) ਸ਼ਬਦ ਉਸੇ ਤਰ੍ਹਾਂ ਵਰਤਿਆ ਸੀ ਜਦੋਂ ਉਸ ਨੇ ਕੁਝ ਲੋਕਾਂ ਦੇ "ਮਰਨ ਦੇ ਜੋਗ" ਹੋਣ ਦੀ ਗੱਲ ਕੀਤੀ ਸੀ।

ਦਰਅਸਲ, ਪਰਮੇਸ਼ੁਰ ਉਨ੍ਹਾਂ ਨੂੰ ਕਹਿ ਰਿਹਾ ਸੀ ਜਿਨ੍ਹਾਂ ਨੇ ਮਸੀਹੀ ਲੋਕਾਂ ਦਾ ਲਹੂ ਵਹਾਇਆ ਸੀ, "ਤੁਸੀਂ ਲਹੂ ਚਾਹੁੰਦੇ ਹੋ; ਤੁਹਾਨੂੰ ਲਹੂ ਮਿਲੇਗਾ – ਤੁਹਾਡੇ ਮੂੰਹਾਂ ਨੂੰ ਭਰਨ ਲਈ ਲਹੂ, ਤੁਹਾਡੇ ਢਿੱਡਾਂ ਨੂੰ ਭਰਨ ਲਈ ਲਹੂ, ਤੁਹਾਡੀਆਂ ਨਾਸਾਂ ਨੂੰ ਭਰਨ ਲਈ ਲਹੂ, ਤੁਹਾਨੂੰ ਤ੍ਰਿਪਤ ਕਰਨ ਲਈ ਅਤੇ ਤੁਹਾਡਾ ਦਮ ਘੁੱਟਣ ਲਈ ਤੁਹਾਨੂੰ ਬਹੁਤ ਸਾਰਾ ਲਹੂ ਮਿਲੇਗਾ!" ਰੋਮ ਨੂੰ ਉਸ ਦਾ ਸੰਦੇਸ਼ ਉਹੀ ਸੀ ਜੋ ਅਦੋਮ ਨੂੰ ਸੀ: "ਜਿਹਾ ਤੈਂ ਕੀਤਾ ਤਿਹਾ ਤੇਰੇ ਨਾਲ ਕੀਤਾ ਜਾਵੇਗਾ, ਤੇਰੀ ਕਰਨੀ ਮੁੜ ਕੇ ਤੇਰੇ ਸਿਰ ਪਵੇਗੀ" (ਓਬਦਯਾਹ 15)।

ਆਇਤ 6 ਵਿੱਚ ਦੋ ਮਹਾਨ ਸੱਚਾਈਆਂ ਪਰਗਟ ਕੀਤੀਆਂ ਗਈਆਂ ਹਨ। ਪਹਿਲੀ ਸੱਚਾਈ ਇਹ ਹੈ ਕਿ ਪਰਮੇਸ਼ੁਰ ਦੇ ਕ੍ਰੋਧ ਨੂੰ ਪ੍ਰਾਪਤ ਕਰਨ ਵਾਲੇ ਆਪਣੇ ਆਪ ਤੇ ਕਸ਼ਟ ਲੈ ਕੇ ਆਉਂਦੇ ਹਨ। ਪਰਮੇਸ਼ੁਰ ਨੇ ਮਨੁੱਖਜਾਤੀ ਨੂੰ ਆਪਣੀ ਵੱਲ ਵਾਪਸ ਲਿਆਉਣ ਦੇ ਲਈ ਆਪਣੀ ਭੂਮਿਕਾ ਨਿਭਾ ਦਿੱਤੀ ਸੀ। ਜੇਕਰ ਲੋਕ ਪ੍ਰਭੂ ਦੇ ਪ੍ਰੇਮ ਦੇ ਪ੍ਰਗਟਾਵਿਆਂ ਨੂੰ ਠੁਕਰਾ ਦਿੰਦੇ ਹਨ ਅਤੇ ਉਸ ਦੀਆਂ ਚਿਤਾਵਨੀਆਂ ਨੂੰ ਨਜ਼ਰਅੰਦਾਜ਼ ਕਰਦੇ ਹਨ, ਉਹ ਆਪਣੇ ਆਪ ਤੇ ਨਿਆਂ ਲੈ ਕੇ ਆਉਂਦੇ ਹਨ। ਸਦੀਆਂ ਪਹਿਲਾਂ, ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਕਿਹਾ ਸੀ,

> ਪਰ ਐਉਂ ਹੋਵੇਗਾ ਕਿ ਜੇ ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਦੀ ਅਵਾਜ਼ ਨਾ ਸੁਣੋ ਭਈ ਉਸ ਦੇ ਸਾਰੇ ਹੁਕਮਾਂ ਅਤੇ ਬਿਧੀਆਂ ਦੀ ਪਾਲਨਾ ਕਰੋ ਜਿਹੜੇ ਮੈਂ ਅੱਜ ਤੁਹਾਨੂੰ ਦਿੰਦਾ ਹਾਂ ਤਾਂ ਏਹ ਸਾਰੇ ਸਰਾਪ ਤੁਹਾਡੇ ਉੱਤੇ ਆਉਣਗੇ ਅਤੇ ਤੁਹਾਨੂੰ ਜਾ ਫੜਨਗੇ . . . ।
>
> ਯਹੋਵਾਹ ਤੁਹਾਡੇ ਹੱਥਾਂ ਦੇ ਸਾਰੇ ਕੰਮਾਂ ਉੱਤੇ ਤੁਹਾਡੀਆਂ ਕਰਤੂਤਾਂ ਦੀ ਬੁਰਿਆਈ ਦੇ ਕਾਰਨ . . . ਤੁਹਾਡੇ ਉੱਤੇ ਸਰਾਪ, ਘਬਰਾਹਟ ਅਤੇ ਝਿੜਕ ਪਾਵੇਗਾ ਜਦ ਤੀਕ ਤੁਸੀਂ ਬਰਬਾਦ ਹੋ ਕੇ ਛੇਤੀ ਨਾਸ ਨਾ ਹੋ ਜਾਓ (ਬਿਵਸਥਾ ਸਾਰ 28:15, 20)।

ਦੂਜੀ ਸੱਚਾਈ ਇਹ ਹੈ ਕਿ ਪਰਮੇਸ਼ੁਰ ਦੇ ਪ੍ਰਬੰਧ ਵਿੱਚ, ਸਜ਼ਾ ਅਕਸਰ "ਜੁਰਮ ਲਈ ਢੁਕਵੀਂ ਹੁੰਦੀ ਹੈ।" ਬਾਈਬਲ ਵਿੱਚ ਇਸ ਤੱਥ ਦੇ ਬਹੁਤ ਸਾਰੇ ਉਦਾਹਰਣ ਹਨ:

> ਫ਼ਿਰਊਨ ਨੇ ਯਹੂਦੀ ਬਾਲਕਾਂ ਨੂੰ ਡੁਬਾਉਣ ਦੀ ਕੋਸ਼ਿਸ਼ ਕੀਤੀ, ਪਰ ਆਖ਼ਰਕਾਰ ਉਸ ਦੀ ਆਪਣੀ ਫੌਜ ਹੀ ਲਾਲ ਸਮੁੰਦਰ ਵਿੱਚ ਡੁੱਬ ਗਈ। ਹਾਮਾਨ ਨੇ ਮਾਰਦਕਈ ਨੂੰ ਸੂਲੀ ਤੇ ਟੰਗਣ ਅਤੇ ਯਹੂਦੀਆਂ ਦਾ ਵਿਨਾਸ਼ ਕਰਨ ਦੀ ਯੋਜਨਾ ਬਣਾਈ; ਪਰ ਉਹ ਖੁਦ ਸੂਲੀ ਤੇ ਟੰਗਿਆ ਅਤੇ ਅਤੇ ਉਸ ਦੇ ਪਰਿਵਾਰ ਦਾ ਵਿਨਾਸ਼ ਹੋ ਗਿਆ (ਅਸਤਰ 7:10; 9:10)। ਸ਼ਾਊਲ ਰਾਜਾ

ਨੇ ਪਰਮੇਸ਼ੁਰ ਦੀ ਆਗਿਆ ਦਾ ਪਾਲਣ ਕਰਨ ਤੋਂ ਇਨਕਾਰ ਕੀਤਾ ਅਤੇ ਅਮਾਲੇਕੀਆਂ ਨੂੰ ਵੱਢ ਦਿੱਤਾ, ਉਸੇ ਤਰ੍ਹਾਂ ਉਹ ਵੀ ਅਮਾਲੇਕੀਆਂ ਦੁਆਰਾ ਵੱਢਿਆ ਗਿਆ (2 ਸਮੂਏਲ 1:1-16)।[9]

**ਆਇਤ 7.** ਦੂਤ ਦੇ ਬੋਲਣ ਤੋਂ ਬਾਅਦ, ਯੂਹੰਨਾ ਨੇ ਇੱਕ ਅਸੰਭਵ ਸ੍ਰੋਤ ਤੋਂ ਇੱਕ ਹੋਰ ਅਵਾਜ਼ ਆਉਂਦੀ ਸੁਣੀ: *ਜਗਵੇਦੀ* । **ਫੇਰ ਮੈਂ ਜਗਵੇਦੀ ਨੂੰ ਏਹ ਆਖਦੇ ਸੁਣਿਆ, ਹੇ ਪ੍ਰਭੂ ਪਰਮੇਸ਼ੁਰ ਸਰਬ ਸ਼ਕਤੀਮਾਨ, ਤੇਰੀਆਂ ਅਦਾਲਤਾਂ ਸੱਚੀਆਂ ਅਤੇ ਜਥਾਰਥ ਹਨ!** ਇਹ ਢਾਂਚਾ ਮੇਲ ਦੀ ਜਗਵੇਦੀ ਸੀ ਜੋ ਪਹਿਲਾਂ ਵੇਖੀ ਜਾ ਚੁੱਕੀ ਸੀ: ਜਗਵੇਦੀ ਜਿੱਥੇ ਸ਼ਹੀਦਾਂ ਦਾ ਲਹੂ ਸੀ (6:9), ਜਗਵੇਦੀ ਜਿਹੜੀ ਸੰਤਾਂ ਦੀਆਂ ਪ੍ਰਾਰਥਨਾਂ ਨਾਲ ਜੁੜੀ ਹੋਈ ਸੀ (8:3)। ਪਹਿਲਾਂ, ਜਗਵੇਦੀ ਦੇ ਸਿੰਙਾਂ ਵਿੱਚੋਂ ਅਵਾਜ਼ ਆਈ ਸੀ (9:13); ਹੁਣ ਖੁਦ ਜਗਵੇਦੀ ਵਿੱਚੋਂ ਅਵਾਜ਼ ਆਈ ਸੀ (6:9 ਤੇ ਟਿੱਪਣੀਆਂ ਵੇਖੋ)। ਆਮ ਤੌਰ ਤੇ, ਜਗਵੇਦੀਆਂ ਨਹੀਂ ਬੋਲਦੀਆਂ, ਪਰ ਇੱਕ ਦਰਸ਼ਣ ਵਿੱਚ ਕੁਝ ਵੀ ਹੋ ਸਕਦਾ ਹੈ। ਜਗਵੇਦੀ ਦੀ ਭੜਕ ਦਾ ਉਦੇਸ਼ ਦੂਤ ਦੀ ਗੱਲ ਨੂੰ ਵਜ਼ਨਦਾਰ ਬਣਾਉਣਾ ਸੀ: ਪਰਮੇਸ਼ੁਰ ਆਪਣੇ ਕ੍ਰੋਧ ਨੂੰ ਉਲੱਦਣ ਵਿੱਚ ਸਹੀ ਹੈ।

## ਚੌਥਾ ਕਟੋਰਾ (16:8, 9)

**[8]ਚੌਥੇ ਨੇ ਆਪਣਾ ਕਟੋਰਾ ਸੂਰਜ ਉੱਤੇ ਉਲੱਦ ਦਿੱਤਾ। ਤਾਂ ਉਹ ਨੂੰ ਇਹ ਦਿੱਤਾ ਗਿਆ ਭਈ ਮਨੁੱਖਾਂ ਨੂੰ ਅੱਗ ਨਾਲ ਝੁਲਸੇ। [9]ਅਤੇ ਮਨੁੱਖ ਵੱਡੀ ਤਪਤ ਨਾਲ ਝੁਲਸੇ ਗਏ ਅਤੇ ਪਰਮੇਸ਼ੁਰ ਜਿਹ ਨੂੰ ਇਨ੍ਹਾਂ ਬਵਾਂ ਉੱਤੇ ਇਖ਼ਤਿਆਰ ਹੈ ਉਹ ਦੇ ਨਾਮ ਦਾ ਕੁਫ਼ਰ ਬਕਣ ਲੱਗ ਪਏ ਅਤੇ ਤੋਬਾ ਨਾ ਕੀਤੀ ਭਈ ਉਹ ਦੀ ਵਡਿਆਈ ਕਰਨ।**

**ਆਇਤ 8.** ਚੌਥੇ ਕਟੋਰੇ ਨੂੰ ਖਾਲੀ ਕਰਨ ਦਾ ਸਮਾਂ ਆ ਗਿਆ ਸੀ। **ਚੌਥੇ ਨੇ ਆਪਣਾ ਕਟੋਰਾ ਸੂਰਜ ਉੱਤੇ ਉਲੱਦ ਦਿੱਤਾ।** ਚੌਥੀ ਤੁਰ੍ਹੀ ਵੱਜਣ ਸਮੇਂ, ਸੂਰਜ ਅਤੇ ਚੰਦ ਤਾਰੇ *ਅਨ੍ਹੇਰੀ ਹੋ ਗਏ* (8:12)। ਹੁਣ ਸੂਰਜ ਦੀਆਂ ਕਿਰਨਾਂ *ਤੇਜ਼ ਹੋ ਗਈਆਂ* : **ਤਾਂ ਉਹ ਨੂੰ ਇਹ ਦਿੱਤਾ ਗਿਆ ਭਈ ਮਨੁੱਖਾਂ ਨੂੰ ਅੱਗ ਨਾਲ ਝੁਲਸੇ। ਇਹ ਦਿੱਤਾ ਗਿਆ** ਵਾਕ ਇਸ ਤੱਥ ਦਾ ਸਮਰਥਨ ਕਰਦਾ ਹੈ ਕਿ ਸਭ ਕੁਝ *ਪਰਮੇਸ਼ੁਰ* ਦੇ ਵੱਸ ਵਿੱਚ ਸੀ। ਇਸ ਕਟੋਰੇ ਦੀ ਮਿਸਰੀ ਬਵਾਂ ਨਾਲ ਕੋਈ ਸਮਾਨਤਾ ਨਹੀਂ ਹੈ। ਯਸਾਯਾਹ 49:8-10 ਪੁਰਾਣੇ ਨੇਮ ਦੇ ਪਿਛੋਕੜ ਨੂੰ ਪੇਸ਼ ਕਰ ਸਕਦੀ ਹੈ। ਵਚਨ ਵਿੱਚ ਅੱਗ ਨੂੰ ਅਕਸਰ ਪਰਮੇਸ਼ੁਰ ਦੇ ਨਿਆਂ ਦੇ ਚਿੰਨ੍ਹ ਦੇ ਰੂਪ ਵਿੱਚ ਵਰਤਿਆ ਗਿਆ ਹੈ (ਵੇਖੋ ਜ਼ਬੂਰ 97:3-7; 104:4; ਯਸਾਯਾਹ 47:13, 14; 50:11)।

**ਆਇਤ 9.** ਚੌਥੇ ਕਟੋਰੇ ਦੇ ਨਤੀਜੇ ਵਜੋਂ, **ਮਨੁੱਖ ਵੱਡੀ ਤਪਤ ਨਾਲ ਝੁਲਸੇ ਗਏ।** ਯੂਨਾਨੀ ਲਿਖਤ ਵਿੱਚ ਕਿਰਿਆ **ਝੁਲਸੇ ਗਏ** (ἐκαυματίσθησαν, *ਏਕਾਉਮੈਟਿਸਥੇਸਨ*) ਅਤੇ ਨਾਂਵ **ਤਪਤ** (καῦμα, *ਕਾਉਮਾ*) ਨਾਲ ਸ਼ਬਦਾਂ ਦਾ ਜੋੜ-ਤੋੜ ਕੀਤਾ ਗਿਆ ਹੈ। ਇਸ ਨੂੰ ਦੁਹਰਾਉਣਾ *ਤੀਬਰ* ਤਪਸ਼ ਦਾ ਸੁਝਾਅ ਦਿੰਦਾ ਹੈ। ਇੱਕ ਵਾਰ ਫੇਰ, ਇਹ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ ਕਿ ਇਹ ਭਵਿੱਖ ਦੇ ਲਈ ਨਿਰਧਾਰਤ ਕੀਤੀ ਗਈ ਇੱਕ ਜਥਾਰਥ ਘਟਨਾ ਨਹੀਂ ਹੈ। ਬਲਕਿ, ਪਵਿੱਤਰ ਆਤਮਾ ਪਾਪ ਦੇ ਭਿਆਣਕ ਨਤੀਜਿਆਂ ਨੂੰ ਨਾਟਕ ਦਾ ਰੂਪ ਦੇਣਾ ਜਾਰੀ ਰੱਖਦਾ ਹੈ। ਤਪਸ਼ ਅਤੇ ਅਣਆਗਿਆਕਾਰੀ ਦੀ ਸ਼ਰਮਿੰਦਗੀ ਨੂੰ ਕਿਸ ਨੇ ਨਹੀਂ ਜਾਣਿਆ?

ਪਹਿਲੇ ਚਾਰ ਕਟੋਰਿਆਂ ਤੇ ਮੁੜ ਨਜ਼ਰ ਮਾਰੀਏ, ਤਾਂ ਅਸੀਂ ਇਹ ਉਮੀਦ ਕਰ ਸਕਦੇ ਹਾਂ ਕਿ ਜਿਨ੍ਹਾਂ ਤੇ ਇਹ ਡਰ ਉਜਾਗਰ ਕੀਤੇ ਗਏ ਸਨ ਆਪਣੇ ਹੱਥ ਖੜ੍ਹੇ ਕਰਨ ਅਤੇ ਪ੍ਰਭੂ ਦੇ ਅੱਗੇ ਸਮਰਪਣ ਕਰਨ ਦੇ ਲਈ ਤਿਆਰ ਹੋਣਗੇ। ਫਿਰ, ਆਇਤ 9 ਉਨ੍ਹਾਂ ਦੇ ਦੁਖਦ ਜਵਾਬ ਦਾ

ਵਰਣਨ ਕਰਦੀ ਹੈ: **ਅਤੇ ਪਰਮੇਸ਼ੁਰ ਜਿਹ ਨੂੰ ਇਨ੍ਹਾਂ ਬਵਾਂ ਉੱਤੇ ਇਖ਼ਤਿਆਰ ਹੈ ਉਹ ਦੇ ਨਾਮ ਦਾ ਕੁਫ਼ਰ ਬਕਣ ਲੱਗ ਪਏ ਅਤੇ ਤੋਬਾ ਨਾ ਕੀਤੀ ਭਈ ਉਹ ਦੀ ਵਡਿਆਈ ਕਰਨ।** 15 ਅਤੇ 16 ਅਧਿਆਵਾਂ ਵਿੱਚ ਵਰਤੇ ਗਏ ਕੂਚ ਦੇ ਰੂਪਕ ਨੂੰ ਧਿਆਨ ਵਿੱਚ ਰੱਖਦੇ ਹੋਏ, ਸਾਨੂੰ ਉਨ੍ਹਾਂ ਪਹਿਲੀਆਂ ਬਵਾਂ ਦੇ ਪ੍ਰਤੀ ਫ਼ਿਰਊਨ ਦੇ ਜਵਾਬ ਬਾਰੇ ਚੇਤੇ ਕਰਾਇਆ ਗਿਆ ਹੈ। ਬਾਰ-ਬਾਰ, ਇਹ ਕਿਹਾ ਗਿਆ ਸੀ ਕਿ ਫ਼ਿਰਊਨ ਨੇ "ਆਪਣਾ ਮਨ ਪੱਥਰ ਕਰ ਲਿਆ" (ਕੂਚ 8:15, 32; ਵੇਖੋ 7:13; 8:19)। (ਪੁਰਾਣੇ ਨੇਮ ਦੀ ਇੱਕ ਹੋਰ ਸਮਾਨਤਾ ਲਈ, ਆਮੋਸ 4:9 ਵੇਖੋ।) ਉਹ ਜਿਨ੍ਹਾਂ ਉੱਤੇ ਕਟੋਰੇ ਲੱਦੇ ਗਏ ਸਨ ਆਪਣੇ ਆਪ ਉੱਤੇ ਕਸ਼ਟਾਂ ਨੂੰ ਲੈ ਕੇ ਆਏ ਸਨ, ਪਰ ਫਿਰ ਵੀ ਉਨ੍ਹਾਂ ਨੇ ਪਰਮੇਸ਼ੁਰ ਤੇ ਦੋਸ਼ ਲਗਾਇਆ। ਇਹ ਜਵਾਬ ਅਜੀਬ ਹੈ, ਪਰ ਇਹ ਅੱਜ ਵੀ ਬਾਰ-ਬਾਰ ਦੁਹਰਾਇਆ ਜਾਂਦਾ ਹੈ (ਆਇਤ 11 ਤੇ ਟਿੱਪਣੀਆਂ ਵੇਖੋ)।

ਜਦੋਂ ਤੁਰ੍ਹੀਆਂ ਦਾ ਅਧਿਐਨ ਕੀਤਾ ਗਿਆ ਸੀ, ਪਹਿਲੀਆਂ ਚਾਰ ਤੁਰ੍ਹੀਆਂ ਕੁਦਰਤੀ ਆਫ਼ਤਾਂ ਦੇ ਸਮਾਨ ਸਮਝਦੀਆ ਜਾਂਦੀਆਂ ਸਨ। ਫੇਰ, ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਪਹਿਲੂਆਂ ਵਿੱਚੋਂ ਇੱਕ ਪਹਿਲੂ ਜਿਨ੍ਹਾਂ ਨਾਲ ਰੋਮੀ ਸਾਮਰਾਜ ਦਾ ਪਤਨ ਹੋਇਆ ਸੀ ਕੁਦਰਤੀ ਆਫ਼ਤ ਸੀ। ਪਹਿਲੇ ਚਾਰ ਕਟੋਰਿਆਂ ਨੂੰ ਇਹੋ ਜਿਹੀ ਪ੍ਰਾਸੰਗਿਕਤਾ ਦਿੱਤੀ ਜਾ ਸਕਦੀ ਹੈ – ਖ਼ਾਸ ਕਰਕੇ ਉਹ ਆਫ਼ਤਾਂ ਜੋ ਪਾਪ ਦੇ ਨਤੀਜੇ ਵਜੋਂ ਆਈਆਂ ਸਨ। ਇਸ ਨੂੰ ਸੱਚ ਮੰਨਦੇ ਹੋਏ (ਘੱਟੋ-ਘੱਟ ਇੱਕ ਆਮ ਤਰੀਕੇ ਨਾਲ), ਅਸੀਂ ਅੱਜ ਕੱਲ੍ਹ ਦੀ ਆਫ਼ਤ ਸੰਬੰਧੀ ਪੁੱਛ ਸਕਦੇ ਹਾਂ, "ਕੀ ਇਹ ਇੱਕ ਤੁਰ੍ਹੀ (ਇੱਕ ਚਿਤਾਵਨੀ) ਜਾਂ ਇੱਕ ਕਟੋਰਾ (ਸਜ਼ਾ) ਹੈ?" ਕੋਈ ਨਹੀਂ ਜਾਣਦਾ। ਵਿਲੀਅਮ ਹੈਂਡਰਿਕਸਨ ਨੇ ਇਹ ਟਿੱਪਣੀ ਕੀਤੀ ਸੀ: "ਇੱਕ ਵਿਅਕਤੀ ਦੇ ਲਈ ਕੋਈ ਆਫ਼ਤ ਸ਼ਾਇਦ ਨਿਆਂ ਦੀ ਇੱਕ ਤੁਰ੍ਹੀ ਹੋ ਸਕਦੀ ਹੈ, ਜਦ ਕਿ ਕਿਸੇ ਹੋਰ ਦੇ ਲਈ ਉਹੀ ਘਟਨਾ ਕ੍ਰੋਧ ਦਾ ਇੱਕ ਕਟੋਰਾ ਹੋ ਸਕਦਾ ਹੈ। ਇਸ ਤਰ੍ਹਾਂ ਉਹ ਰੋਗ ਜਿਸ ਨੇ ਰਾਜਾ ਹੇਰੋਦੇਸ ਅਗ੍ਰਿੱਪਾ ਨੂੰ ਨਰਕ ਵਿੱਚ ਸੁੱਟਿਆ ਸੀ ਦੂਜਿਆਂ ਦੇ ਲਈ ਇੱਕ ਚਿਤਾਵਨੀ ਦਾ ਕੰਮ ਕੀਤਾ ਸੀ।"[10] ਮਸੀਹੀ ਵਿਅਕਤੀ ਦੇ ਲਈ ਇਹ ਕਿਹਾ ਜਾ ਸਕਦਾ ਹੈ ਕਿ ਉਹੀ ਆਫ਼ਤ ਪ੍ਰਭੂ ਦੇ ਵਿੱਚ ਵੱਧਣ ਦਾ ਇੱਕ ਮੌਕਾ ਹੋ ਸਕਦਾ ਹੈ।

ਹਰ ਦੁਖਾਂਤ ਘਟਨਾ ਨੂੰ ਇੱਕ ਚਿਤਾਵਨੀ ਜਾਂ ਇੱਕ ਸਜ਼ਾ ਦੇ ਤੌਰ ਤੇ ਸ਼੍ਰੇਣੀਬੱਧ ਕਰਨ ਦੀ ਕੋਸ਼ਿਸ਼ ਕਰਨਾ ਪਹਿਲੇ ਚਾਰ ਕਟੋਰਿਆਂ ਬਾਰੇ ਮੁੱਦੇ ਦੀ ਗੱਲ ਨੂੰ ਭੁੱਲਣਾ ਹੈ। ਪਰਮੇਸ਼ੁਰ ਹਵਾਲਿਆਂ ਦੀਆਂ ਸੱਚਾਈਆਂ ਦਾ ਸਮਰਥਨ ਕਰਨ ਦੇ ਲਈ ਸਧਾਰਣ ਰੂਪ ਵਿੱਚ ਅਜਿਹੀਆਂ ਘਟਨਾਵਾਂ ਦੀ ਵਰਤੋਂ ਕਰਦਾ ਹੈ ਜਿਵੇਂ ਕਿ ਕਹਾਉਤਾਂ 13:15: ". . . ਛਲੀਆਂ ਦਾ ਰਾਹ ਬਿਖੜਾ ਹੁੰਦਾ ਹੈ।" ਵਿਸ਼ੇਸ਼ ਤੌਰ ਤੇ, ਉਹ ਉਨ੍ਹਾਂ ਨੂੰ ਇਸ ਸੱਚਾਈ ਦਾ ਸਮਰਥਨ ਕਰਨ ਦੇ ਲਈ ਵਰਤਦਾ ਹੈ ਕਿ ਇੱਕ ਦਿਨ ਜਦੋਂ ਉਹ ਆਵੇਗਾ ਉਹ ਪਾਪ ਨੂੰ ਚੇਤੇ ਕਰੇਗਾ।

## ਪੰਜਵਾਂ ਕਟੋਰਾ (16:10, 11)

**10ਪੰਜਵੇਂ ਨੇ ਆਪਣਾ ਕਟੋਰਾ ਦਰਿੰਦੇ ਦੀ ਗੱਦੀ ਉੱਤੇ ਉਲੱਦ ਦਿੱਤਾ। ਤਾਂ ਉਹ ਦਾ ਰਾਜ ਅਨ੍ਹੇਰਾ ਹੋ ਗਿਆ ਅਤੇ ਲੋਕਾਂ ਨੇ ਦੁਖ ਦਿਆਂ ਮਾਰਿਆਂ ਆਪਣੀਆਂ ਜੀਭਾਂ ਚੱਬੀਆਂ 11ਅਤੇ ਓਹਨਾਂ ਨੇ ਆਪਣਿਆਂ ਘਾਵਾਂ ਦੇ ਕਾਰਨ ਸੁਰਗ ਦੇ ਪਰਮੇਸ਼ੁਰ ਦੇ ਉੱਤੇ ਕੁਫ਼ਰ ਬਕਿਆ ਅਤੇ ਆਪਣਿਆਂ ਕੰਮਾਂ ਤੋਂ ਤੋਬਾ ਨਾ ਕੀਤੀ।**

**ਆਇਤ 10.** ਮਾਈਕਲ ਵਿਲਕੋਕ ਨੂੰ ਯਕੀਨ ਸੀ ਕਿ "ਪਰਕਾਸ਼ ਦੀ ਪੋਥੀ ਵਿੱਚ ਕੁਝ ਦਰਸ਼ਣ ਪੰਜਵੇਂ ਕਟੋਰੇ ਨਾਲੋਂ ਜ਼ਿਆਦਾ ਡਰਾਵਣੇ [ਹਨ]।"[11] ਹਵਾਲਾ ਇਸ ਕਟੋਰੇ ਬਾਰੇ

ਦੱਸਦਿਆਂ ਸ਼ੁਰੂ ਹੁੰਦਾ ਹੈ, **ਪੰਜਵੇਂ ਨੇ ਆਪਣਾ ਕਟੋਰਾ ਦਰਿੰਦੇ ਦੀ ਗੱਦੀ ਉੱਤੇ ਉਲੱਦ ਦਿੱਤਾ। ਤਾਂ ਉਹ ਦਾ ਰਾਜ ਅਨ੍ਹੇਰਾ ਹੋ ਗਿਆ।**

ਪੰਜਵੀਂ *ਤੁਰ੍ਹੀ* ਵੱਜਣ ਤੇ, ਸ਼ਤਾਨੀ ਟਿੱਡੀਆਂ ਨੇ ਮਨੁੱਖਾਂ ਨੂੰ ਸਤਾਉਣ ਦੇ ਲਈ ਅਥਾਹ ਕੁੰਡ ਵਿੱਚ ਝੁੰਡ ਬਣਾ ਲਿਆ। ਇਨ੍ਹਾਂ ਨੂੰ ਵਿਅਕਤੀ ਤੇ ਪਾਪ ਦੇ ਪ੍ਰਭਾਵ ਦੇ ਇੱਕ ਚਿੰਨ੍ਹ ਵਜੋਂ ਵੇਖਿਆ ਗਿਆ ਸੀ, ਇਸ ਵਿੱਚ ਦੋਸ਼ੀ ਅੰਤਹਕਰਨ ਦੀ ਪੀੜ ਵੀ ਸ਼ਾਮਲ ਸੀ (9:6 ਤੇ ਟਿੱਪਣੀਆਂ ਵੇਖੋ)। ਇਹ ਜ਼ੋਰ ਦਿੱਤਾ ਗਿਆ ਸੀ ਕਿ ਪਾਪ ਦਾ ਇੱਕ ਨਤੀਜਾ ਨੈਤਿਕ ਵਿਗਾੜ ਹੁੰਦਾ ਹੈ। ਪੰਜਵਾਂ *ਕਟੋਰਾ* ਪਾਪ ਦੇ ਦਰਦਨਾਕ ਪ੍ਰਭਾਵ ਨੂੰ ਪਰਗਟ ਕਰਦਾ ਹੈ, ਪਰ ਇਹ ਜ਼ਿਆਦਾਤਰ ਉਨ੍ਹਾਂ ਵਿਅਕਤੀਆਂ ਤੇ ਨਹੀਂ ਸੀ ਜਿਹੜੇ ਪ੍ਰਭਾਵਿਤ ਹੋਏ ਸਨ ਕਿਉਂਕਿ ਇਹ ਸਮੁੱਚੀ ਸੰਸਾਰਕ ਵਿਵਸਥਾ ਸੀ: ਕਟੋਰਾ **ਦਰਿੰਦੇ ਦੀ ਗੱਦੀ** ਅਤੇ **ਉਹ ਦੇ ਰਾਜ** ਉੱਤੇ ਉਲੱਦਿਆ ਗਿਆ ਸੀ। ਤੁਰ੍ਹੀਆਂ ਅਤੇ ਕਟੋਰਿਆਂ ਵਿਚਕਾਰ ਕਿਉਂਕਿ ਨਜ਼ਦੀਕੀ ਸੰਬੰਧ ਦੇ ਕਾਰਨ, ਇਹ ਤਰਕ ਦਿੱਤਾ ਜਾ ਸਕਦਾ ਹੈ ਕਿ ਰੋਮੀ ਸਾਮਰਾਜ ਵਿੱਚ ਨੈਤਿਕ ਵਿਗਾੜ ਉਸ ਆਤਮਿਕ ਅਤੇ ਨੈਤਿਕ ਅਨ੍ਹੇਰੇ ਵਿੱਚ ਇੱਕ ਮੁੱਖ ਪਹਿਲੂ ਸੀ ਜੋ ਧਰਤੀ ਉੱਤੇ ਛਾਇਆ ਸੀ, ਜਿਸ ਦਾ ਨਤੀਜਾ ਆਖ਼ਰਕਾਰ ਰੋਮੀ ਸਾਮਰਾਜ ਦਾ ਪਤਨ ਸੀ।

ਅਧਿਆਇ 13 ਵਿੱਚ ਅਜਗਰ ਨੇ ਦਰਿੰਦੇ ਨੂੰ ਆਪਣੀ ਗੱਦੀ ਦੇ ਦਿੱਤੀ ਸੀ (13:2)। ਇਸ ਦਾ ਅਰਥ ਇਹ ਨਿੱਕਲਦਾ ਸੀ ਕਿ ਦਰਿੰਦੇ ਦਾ ਇੱਕ ਰਾਜ ਸੀ: ਉਹ ਪਹਿਲਾਂ ਉਸ ਖੇਤਰ ਤੇ ਰਾਜ ਕਰਦਾ ਸੀ ਜਿਸ ਨੂੰ "ਜਗਤ ਦਾ ਰਾਜ" ਕਿਹਾ ਜਾਂਦਾ ਸੀ (11:15)। ਇਹ ਸੁਝਾਅ ਦਿੱਤਾ ਗਿਆ ਸੀ ਕਿ ਯੂਹੰਨਾ ਦੇ ਸਮੇਂ ਵਿੱਚ, ਦਰਿੰਦਾ ਰੋਮੀ ਸਾਮਰਾਜ ਦਾ ਪ੍ਰਤੀਕ ਸੀ ਜਿਸ ਦੀ ਅਗਵਾਈ ਸਮਰਾਟ ਡੋਮਿਸ਼ੀਅਨ ਕਰਦਾ ਸੀ। ਇਸ ਲਈ ਅਧਿਆਇ 16 ਵਿੱਚ "ਗੱਦੀ" ਅਤੇ "ਰਾਜ" ਸ਼ਬਦ ਉਚਿਤ ਜਾਪਦੇ ਹਨ। ਰੋਮ ਵਿੱਚ ਆਪਣੀ ਗੱਦੀ ਤੋਂ, ਡੋਮਿਸ਼ੀਅਨ ਉਸ ਪੂਰੇ ਰਾਜ ਉੱਤੇ ਹਕੂਮਤ ਕਰਦਾ ਸੀ ਜਿਹੜਾ ਪੂਰੀ ਧਰਤੀ ਉੱਤੇ ਫੈਲਿਆ ਹੋਇਆ ਸੀ।

ਇਸ ਤੋਂ ਇਲਾਵਾ, ਪੰਜਵੇਂ ਕਟੋਰੇ ਦਾ *ਕੰਮ* ਰੋਮੀ ਸਾਮਰਾਜ ਦੇ ਅਗਾਮੀ ਇਤਹਾਸ ਦੇ ਪਰਕਾਸ਼ ਵਿੱਚ ਉਚਿਤ ਜਾਪਦਾ ਹੈ। ਨੌਵੀਂ ਬਵਾ ਦੌਰਾਨ ਜਦੋਂ ਅਨ੍ਹੇਰੇ ਨੇ ਮਿਸਰ ਦੇਸ ਨੂੰ ਢੱਕ ਲਿਆ, ਕੰਮ ਰੁਕ ਗਿਆ (ਕੂਚ 10:21-29)। ਉਸੇ ਤਰ੍ਹਾਂ, ਦਰਿੰਦੇ ਦੀ ਗੱਦੀ ਅਤੇ ਰਾਜ ਉੱਤੇ ਅਨ੍ਹੇਰਾ ਸ਼ਾਇਦ ਰੋਮੀ ਸਾਮਰਾਜ ਵਿਘਨ ਦਾ ਪ੍ਰਤੀਕ ਹੈ।

ਅਨ੍ਹੇਰੇ ਸੰਬੰਧੀ ਇੱਕ ਸਧਾਰਣ ਪ੍ਰਾਸੰਗਿਕਤਾ ਵੀ ਦਿੱਤੀ ਜਾ ਸਕਦੀ ਹੈ: ਇਹ ਉਸ ਅਨ੍ਹੇਰੇ ਦਾ ਪ੍ਰਤੀਕ ਹੈ ਜਿਹੜਾ ਉਨ੍ਹਾਂ ਦੇ ਦਿਲਾਂ ਅਤੇ ਮਨਾਂ ਨੂੰ ਛੇਦਦਾ ਹੈ ਜਿਹੜੇ ਪਾਪ ਕਰਨ ਵਿੱਚ ਲੱਗੇ ਰਹਿੰਦੇ ਹਨ (ਵੇਖੋ ਯੂਹੰਨਾ 8:12; 12:46; ਰੋਮੀਆਂ 2:19; 13:12; 1 ਕੁਰਿੰਥੀਆਂ 4:5; 2 ਕੁਰਿੰਥੀਆਂ 6:14; ਅਫ਼ਸੀਆਂ 5:8, 11; 6:12; 1 ਥਸੱਲੁਨੀਕੀਆਂ 5:5; 1 ਯੂਹੰਨਾ 1:6; 2:11)। ਯਿਸੂ ਨੇ ਕਿਹਾ ਸੀ ਕਿ "ਮਨੁੱਖਾਂ ਨੇ ਏਸ ਲਈ ਭਈ ਉਨ੍ਹਾਂ ਦੇ ਕੰਮ ਭੈੜੇ ਸਨ ਅਨ੍ਹੇਰੇ ਨੂੰ ਚਾਨਣ ਨਾਲੋਂ ਵਧੀਕ ਪਿਆਰ ਕੀਤਾ" (ਯੂਹੰਨਾ 3:19)। ਸ਼ਤਾਨ ਦੇ ਰਾਜ ਨੂੰ "ਅੰਧਕਾਰ ਦਾ ਵੱਸ" ਕਿਹਾ ਗਿਆ ਹੈ (ਕੁਲੁੱਸੀਆਂ 1:13; ਵੇਖੋ ਰਸੂਲਾਂ ਦੇ ਕਰਤੱਬ 26:18)। ਜਦੋਂ ਲੋਕ ਮਸੀਹੀ ਬਣਦੇ ਹਨ, ਪਰਮੇਸ਼ੁਰ ਉਨ੍ਹਾਂ ਨੂੰ "ਅਨ੍ਹੇਰੇ ਤੋਂ ਆਪਣੇ ਅਚਰਜ ਚਾਨਣ ਵਿੱਚ" ਸੱਦ ਲੈਂਦਾ ਹੈ (1 ਪਤਰਸ 2:9)।

ਆਖ਼ਰਕਾਰ, ਪੰਜਵਾਂ ਕਟੋਰਾ ਲੋਕਾਂ ਨੂੰ ਇਹ ਚੇਤੇ ਕਰਾਉਂਦਾ ਹੈ ਕਿ ਨਿਆਂ ਤੋਂ ਬਾਅਦ, ਨਾਸ ਹੋਏ ਲੋਕਾਂ ਨੂੰ "ਅੰਧਘੋਰ" (ਮੱਤੀ 22:13) – ਪਰਮੇਸ਼ੁਰ ਦੀ ਹਜ਼ੂਰੀ ਤੋਂ ਦੂਰ, ਜਿਹੜਾ ਕਿ ਚਾਨਣ ਹੈ (2 ਥੱਸਲੁਨੀਕੀਆਂ 1:9; 1 ਯੂਹੰਨਾ 1:5) – "ਅੰਧਕੂਪਾਂ," "ਅਨ੍ਹੇਰ ਘੁੱਪ" (2 ਪਤਰਸ 2:4, 17) ਵਿੱਚ ਸੁੱਟ ਦਿੱਤਾ ਜਾਵੇਗਾ ਜਿੱਥੇ "ਰੋਣਾ ਅਤੇ ਕਚੀਚੀਆਂ ਵੱਟਣਾ ਹੋਵੇਗਾ" (ਮੱਤੀ 22:13)।

ਪਰਮੇਸ਼ੁਰ ਦੇ ਨਿਆਂ ਦੀ ਉਚਤਤਾ ਤੇ ਧਿਆਨ ਦਿਓ: ਦਰਅਸਲ, ਉਸ ਨੇ ਕੁਧਰਮੀ ਨੂੰ ਕਿਹਾ, "ਤੂੰ ਅਨ੍ਹੇਰਾ ਚਾਹੁੰਦਾ ਹੈ; ਇਸ ਲਈ ਇਹ ਤੈਨੂੰ ਦਿੱਤਾ ਜਾਵੇਗਾ – ਉਹ ਹਨੇਰਾ ਜਿਹੜਾ ਤੈਨੂੰ ਘੇਰ ਲਵੇਗਾ, ਤੈਨੂੰ ਅੰਨ੍ਹਿਆ ਕਰ ਦੇਵੇਗਾ, ਤੇਰਾ ਦਮ ਘੁੱਟ ਦੇਵੇਗਾ, ਅਨ੍ਹੇਰਾ ਜੋ ਜੁੱਗੋ ਜੁੱਗ ਕਾਇਮ ਰਹੇਗਾ!"

ਅਨ੍ਹੇਰੇ ਨੇ ਉਨ੍ਹਾਂ ਲੋਕਾਂ ਨੂੰ ਕਿਵੇਂ ਪ੍ਰਭਾਵਿਤ ਕੀਤਾ ਜਿਹੜੇ ਦਰਿੰਦੇ ਦੇ ਰਾਜ ਵਿੱਚ ਸਨ? **ਲੋਕਾਂ ਨੇ ਦੁਖ ਦਿਆਂ ਮਾਰਿਆਂ ਆਪਣੀਆਂ ਜੀਭਾਂ ਚੱਬੀਆਂ।** ਸ਼ਾਇਦ ਇਹ ਦੁਖ ਅਨ੍ਹੇਰੇ ਦਾ ਸਿੱਧਾ ਨਤੀਜਾ ਸੀ, ਸੰਭਵ ਤੌਰ ਤੇ ਇਹ ਜਾਣਨ ਦੀ ਪੀੜਾ ਕਿ ਉਨ੍ਹਾਂ ਦੇ ਆਗੂ ਪ੍ਰਭਾਵ ਤੋਂ ਰਹਿਤ ਸਨ। ਸ਼ਾਇਦ ਅਨ੍ਹੇਰੇ ਨੇ ਸਿਰਫ ਉਸ ਪੀੜਾ ਨੂੰ ਤੇਜ਼ ਕਰ ਦਿੱਤਾ ਸੀ ਜੋ ਪਹਿਲੇ ਚਾਰ ਕਟੋਰਿਆਂ ਦੇ ਨਤੀਜੇ ਵਜੋਂ ਹੋਈ ਸੀ, ਜਿਸ ਵਿੱਚ ਪਹਿਲੇ ਕਟੋਰੇ ਤੋਂ ਮਿਲਿਆ ਘਾਉ ਵੀ ਸ਼ਾਮਲ ਸਨ (ਆਇਤਾਂ 2, 11)।

"ਲੋਕਾਂ ਨੇ ਆਪਣੀਆਂ ਜੀਭਾਂ ਚੱਬੀਆਂ" ਵਾਕ ਉਲਝਣ ਵਾਲਾ ਹੈ। ਇਹ ਵਾਕ, ਜਿਹੜਾ ਨਵੇਂ ਨੇਮ ਵਿੱਚ ਹੋਰ ਕਿਤੇ ਵੀ ਨਹੀਂ ਮਿਲਦਾ, ਸ਼ਾਇਦ ਇੱਕ ਆਮ ਵਾਕ ਸੀ ਜੋ ਹੁਣ ਵਰਤੋਂ ਵਿੱਚ ਨਹੀਂ ਆਉਂਦਾ। ਕੁਝ ਸਮੇਂ ਹੀ ਹੁੰਦੇ ਹਨ ਜਦੋਂ ਕੋਈ ਸੱਚਮੁੱਚ ਆਪਣੀ ਜੀਭ ਚੱਬਦਾ ਹੈ ਅਤੇ ਉਹ ਹੈ ਮਿਰਗੀ ਦਾ ਦੌਰਾ ਪੈਣ ਸਮੇਂ। ਜਦੋਂ ਇਹ ਦੌਰਾ ਪੈਂਦਾ ਹੈ, ਤਾਂ ਜ਼ਰੂਰੀ ਹੁੰਦਾ ਹੈ ਕਿ ਉਹ ਵਿਅਕਤੀ ਜਿਸ ਨੂੰ ਇਹ ਦੌਰਾ ਪੈਂਦਾ ਹੈ ਉਸ ਦੇ ਜਬਾੜਿਆਂ ਵਿੱਚ ਕੋਈ ਨਾ ਕੋਈ ਚੀਜ਼ ਜਬਰਦਸਤੀ ਫਸਾਈ ਜਾਵੇ ਤਾਂ ਕਿ ਉਸ ਦੀ ਜੀਭ ਨੂੰ ਕੋਈ ਹਾਨੀ ਨਾ ਪਹੁੰਚੇ ਜਾਂ ਉਹ ਆਪਣੀ ਜੀਭ ਨਾ ਕੱਟ ਲਵੇ। ਕਿਉਂਕਿ ਉਹ ਵਿਅਕਤੀ ਜਿਸ ਨੂੰ ਦੌਰਾ ਪੈਂਦਾ ਹੈ ਉਸ ਦਾ ਆਪਣੇ ਆਪ ਤੇ ਕੋਈ ਨਿਯੰਤਰਣ ਨਹੀਂ ਹੁੰਦਾ, "ਲੋਕਾਂ ਨੇ ਦੁਖ ਦਿਆਂ ਮਾਰਿਆਂ ਆਪਣੀਆਂ ਜੀਭਾਂ ਚੱਬੀਆਂ" ਵਾਕ ਸ਼ਾਇਦ ਇਹ ਇਸ਼ਾਰਾ ਕਰਦਾ ਹੈ ਕਿ ਇਨ੍ਹਾਂ ਲੋਕਾਂ ਦਾ ਦੁਖ ਦੇ ਮਾਰੇ "ਦਿਮਾਗ ਬੌਂਦਲ ਗਿਆ ਸੀ।" ਕਿਸੇ ਵੀ ਕੀਮਤ ਤੇ, ਇਹ ਸ਼ਬਦਾਵਲੀ ਇਹ ਇਸ਼ਾਰਾ ਕਰਦੀ ਹੈ ਕਿ ਇਹ ਪੀੜਾ ਬਹੁਤ ਹੀ ਕਸ਼ਟਦਾਇਕ ਸੀ।

**ਆਇਤ 11.** ਅਨ੍ਹੇਰੇ ਦਾ ਸਭ ਤੋਂ ਮਹੱਤਵਪੂਰਣ ਨਤੀਜਾ ਇਹ ਸੀ ਕਿ ਜਿਹੜੇ ਦਰਿੰਦੇ ਦੇ ਰਾਜ ਵਿੱਚ ਸਨ **ਓਹਨਾਂ ਨੇ ਆਪਣਿਆਂ ਘਾਵਾਂ ਦੇ ਕਾਰਨ ਸੁਰਗ ਦੇ ਪਰਮੇਸ਼ੁਰ ਦੇ ਉੱਤੇ ਕੁਫ਼ਰ ਬਕਿਆ ਅਤੇ ਆਪਣਿਆਂ ਕੰਮਾਂ ਤੋਂ ਤੋਬਾ ਨਾ ਕੀਤੀ**। ਤੋਬਾ ਨਾ ਕੀਤੇ ਹੋਏ ਲੋਕਾਂ ਨੇ ਅਨ੍ਹੇਰੇ ਨੂੰ ਚੁਣਿਆ ਸੀ, ਪਰ ਫਿਰ ਵੀ ਉਨ੍ਹਾਂ ਨੇ ਇਸ ਦੇ ਕਾਰਨ ਪਰਮੇਸ਼ੁਰ ਨੂੰ ਕੁਫ਼ਰ ਬਕਿਆ। ਉਨ੍ਹਾਂ ਦੇ ਵੱਖ-ਵੱਖ ਦੁਖਾਂ ਵਿੱਚੋਂ ਸਿਰਫ ਇੱਕੋ ਦੁਖ ਬਾਰੇ ਦੱਸਿਆ ਗਿਆ ਹੈ: ਇਹ **ਘਾਉ** ਉਦੋਂ ਮਿਲੇ ਸਨ ਜਦੋਂ ਪਹਿਲਾ ਕਟੋਰਾ ਉਲੱਦਿਆ ਗਿਆ ਸੀ (ਆਇਤ 2)। ਸ਼ਾਇਦ ਉਨ੍ਹਾਂ ਨੂੰ ਦੂਜੇ, ਤੀਜੇ ਅਤੇ ਚੌਥੇ ਕਟੋਰਿਆਂ ਤੋਂ ਵੀ ਦੁਖ ਮਿਲਿਆ ਸੀ। ਦਰਿੰਦਾ ਅਤੇ ਝੂਠਾ ਨਬੀ, ਆਪਣੇ ਪੂਰੇ ਇਖ਼ਤਿਆਰ ਨਾਲ - ਜਿਸ ਵਿੱਚ ਉਨ੍ਹਾਂ ਦੀ ਇਕਰਾਰ ਕੀਤੀ ਹੋਈ ਚਮਤਕਾਰੀ ਸ਼ਕਤੀ ਵੀ ਸ਼ਾਮਲ ਹੈ – ਉਨ੍ਹਾਂ ਦੇ ਘਾਵਾਂ ਨੂੰ ਚੰਗਾ ਨਹੀਂ ਕਰ ਸਕੀ।

ਅਧਿਆਇ 16 ਵਿੱਚ **ਕੁਫ਼ਰ ਬਕਿਆ** ਇੱਕ ਮੁੱਖ ਸ਼ਬਦ ਹੈ। ਜਦੋਂ ਚੌਥਾ ਕਟੋਰਾ ਉਲੱਦਿਆ ਗਿਆ, ਗੈਰ-ਵਿਸ਼ਵਾਸੀ "ਪਰਮੇਸ਼ੁਰ ਜਿਹ ਨੂੰ ਇਨ੍ਹਾਂ ਬਵਾਂ ਉੱਤੇ ਇਖ਼ਤਿਆਰ ਹੈ ਉਹ ਦੇ ਨਾਮ ਦਾ *ਕੁਫ਼ਰ ਬਕਣ ਲੱਗ ਪਏ* ਅਤੇ ਤੋਬਾ ਨਾ ਕੀਤੀ ਭਈ ਉਹ ਦੀ ਵਡਿਆਈ ਕਰਨ" (ਆਇਤ 9; ਜ਼ੋਰ ਦਿੱਤਾ ਗਿਆ ਹੈ)। ਜਦੋਂ ਪੰਜਵਾਂ ਕਟੋਰਾ ਉਲੱਦਿਆ ਗਿਆ, ਨਤੀਜਾ ਉਹੀ ਹੋਇਆ: "ਅਤੇ ਓਹਨਾਂ ਨੇ . . . ਸੁਰਗ ਦੇ ਪਰਮੇਸ਼ੁਰ ਦੇ ਉੱਤੇ *ਕੁਫ਼ਰ ਬਕਿਆ* ਅਤੇ ਆਪਣਿਆਂ ਕੰਮਾਂ ਤੋਂ ਤੋਬਾ ਨਾ ਕੀਤੀ" (ਆਇਤ 11; ਜ਼ੋਰ ਦਿੱਤਾ ਗਿਆ ਹੈ)। ਪੰਜਵੇਂ ਕਟੋਰੇ ਪ੍ਰਤੀ ਵੀ ਜਵਾਬ ਉਹੀ ਹੋਵੇਗਾ: "ਮਨੁੱਖਾਂ ਨੇ ਪਰਮੇਸ਼ੁਰ ਉੱਤੇ ਕੁਫ਼ਰ ਬਕਿਆ" (ਆਇਤ 21)। ਪਰਕਾਸ਼ ਦੀ ਪੋਥੀ ਵਿੱਚ ਹੋਰ ਥਾਂ

ਤੇ ਸਿਰਫ ਦਰਿੰਦੇ ਦੇ ਕੁਫ਼ਰ ਬਕਣ ਬਾਰੇ ਕਿਹਾ ਗਿਆ ਹੈ (13:1, 5, 6; 17:3)। ਇਹ ਸੱਚਾਈ ਕਿ ਇਨ੍ਹਾਂ ਗੈਰ-ਵਿਸ਼ਵਾਸੀਆਂ ਨੇ ਵੀ ਪਰਮੇਸ਼ੁਰ ਨੂੰ ਕੁਫ਼ਰ ਬਕਿਆ ਇਹ ਵਿਖਾਉਂਦਾ ਹੈ ਕਿ ਉਨ੍ਹਾਂ ਨੇ ਆਪਣੇ ਮਾਲਕ ਦੀ ਆਤਮਾ ਨੂੰ ਕਿੰਨਾ ਜ਼ਿਆਦਾ ਗ੍ਰਹਿਣ ਕੀਤਾ ਸੀ।

ਪਰਮੇਸ਼ੁਰ ਨੂੰ ਕੁਫ਼ਰ ਬਕਣ ਦਾ ਅਰਥ ਕੀ ਹੁੰਦਾ ਹੈ? ਅੰਗ੍ਰੇਜ਼ੀ ਦਾ ਸ਼ਬਦ "ਬਲੈਸਫੀਮ" ਯੂਨਾਨੀ ਸ਼ਬਦ βλασφημέω (*ਬਲੈਸਫੀਮੀਓ*) ਦਾ ਬਦਲਵਾਂ ਰੂਪ ਹੈ, ਜਿਸ ਦਾ ਅਰਥ ਹੈ "ਬੋਲਣ ਦੁਆਰਾ ਚੋਟ ਪਹੁੰਚਾਉਣਾ।" ਇਸ ਸ਼ਬਦ ਦਾ ਨਾਂਵ ਰੂਪ, βλασφημία (*ਬਲੈਸਫੀਮੀਆ*) ਇੱਕ ਸੰਯੁਕਤ ਸ਼ਬਦ ਹੈ ਜੋ ਕਿ ਸੰਭਵ ਤੌਰ ਤੇ βλάπτω (*ਬਲੈਪਟੋ*, "ਚੋਟ ਪਹੁੰਚਾਉਣਾ") ਸ਼ਬਦ ਨੂੰ φήμη (*ਫੀਮੇ*, "ਸੂਚਨਾ ਦੇਣਾ") ਸ਼ਬਦ ਨਾਲ ਜੋੜਦਾ ਹੈ। ਪਰਮੇਸ਼ੁਰ ਨੂੰ ਕੁਫ਼ਰ ਬਕਣਾ ਪਰਮੇਸ਼ੁਰ ਦੇ ਵਿਰੁੱਧ ਬੋਲਣਾ ਹੈ, ਉਸ ਦੇ ਕੰਮ ਨੂੰ ਅਤੇ ਜਿਸ ਦਾ ਉਹ ਸਮਰਥਨ ਕਰਦਾ ਹੈ ਉਸ ਨੂੰ ਨਾਸ ਕਰਨ ਦੀ ਕੋਸ਼ਿਸ਼ ਕਰਨਾ ਹੈ। ਦਰਿੰਦੇ ਬਾਰੇ ਕਿਹਾ ਗਿਆ ਸੀ ਕਿ "ਉਹ ਨੇ ਪਰਮੇਸ਼ੁਰ ਦੇ ਵਿਰੁੱਧ ਕੁਫ਼ਰ ਬਕਣ ਨੂੰ ਆਪਣਾ ਮੂੰਹ ਅੱਡਿਆ ਭਈ ਉਸ ਦੇ ਨਾਮ ਅਤੇ ਉਸ ਦੇ ਡੇਰੇ ਉੱਤੇ ਅਰਥਾਤ ਉਨ੍ਹਾਂ ਉੱਤੇ ਜਿਹੜੇ ਸੁਰਗ ਵਿੱਚ ਵੱਸਦੇ ਹਨ ਕੁਫ਼ਰ ਬਕੇ" (13:6)। ਇਹ ਸੁਝਾਅ ਦਿੱਤਾ ਗਿਆ ਸੀ ਕਿ ਇਹ ਹਵਾਲਾ ਉਨ੍ਹਾਂ ਨਿੰਦਾਤਮਕ ਗੱਲਾਂ ਬਾਰੇ ਹੈ ਜੋ ਕਲੀਸੀਆ ਵਿਖੇ ਫੈਲਾਈਆਂ ਗਈਆਂ ਸਨ।

ਦਰਿੰਦੇ ਦੇ ਮਗਰ ਚੱਲਣ ਵਾਲਿਆਂ ਦਾ ਕੁਫ਼ਰ ਵੀ ਉਸੇ ਤਰ੍ਹਾਂ ਦਾ ਸੀ। ਆਇਤ 9 ਕਹਿੰਦੀ ਹੈ ਕਿ ਉਨ੍ਹਾਂ ਨੇ "ਪਰਮੇਸ਼ੁਰ ਦੇ ਨਾਮ ਦਾ ਕੁਫ਼ਰ ਬਕਿਆ"; ਉਨ੍ਹਾਂ ਨੇ ਸ਼ਾਇਦ ਦਰਿੰਦੇ ਦੀ ਨਿੰਦਾ ਦੀ ਨਕਲ ਉਤਾਰੀ ਸੀ। ਇਸ ਤੋਂ ਇਲਾਵਾ, ਉਨ੍ਹਾਂ ਦੇ ਕੁਫ਼ਰ ਦਾ ਇੱਕ ਖ਼ਾਸ ਦ੍ਰਿਸ਼ਟੀਕੋਣ ਸੀ: ਉਨ੍ਹਾਂ ਨੇ ਅਸਲ ਵਿੱਚ ਆਪਣੇ ਦੁਖਾਂ ਦੇ ਲਈ ਪਰਮੇਸ਼ੁਰ ਨੂੰ ਦੋਸ਼ ਦਿੱਤਾ ਸੀ। ਜੇਕਰ ਉਹ ਆਪਣੇ ਆਧੁਨਿਕ ਪ੍ਰਤੀਰੂਪਾਂ ਵਰਗੇ ਸਨ, ਤਾਂ ਪਰਮੇਸ਼ੁਰ ਬਾਰੇ ਉਨ੍ਹਾਂ ਦੀ ਆਲੋਚਨਾ ਕੁਝ ਇਸ ਤਰ੍ਹਾਂ ਦੀ ਹੋਣੀ ਸੀ: "ਪਰਮੇਸ਼ੁਰ ਅਨਿਆਈਂ ਹੈ। ਅਸੀਂ ਅਜਿਹੇ ਕਸ਼ਟ ਦੇ ਯੋਗ ਨਹੀਂ ਹਾਂ।" "ਮਸੀਹੀ ਲੋਕ ਕਹਿੰਦੇ ਹਨ ਕਿ ਪਰਮੇਸ਼ੁਰ ਪ੍ਰੇਮੀ ਪਰਮੇਸ਼ੁਰ ਹੈ; ਪਰ ਜੇਕਰ ਉਸ ਦਾ ਪ੍ਰੇਮ ਇਸ ਤਰ੍ਹਾਂ ਦਾ ਹੈ, ਤਾਂ ਮੈਨੂੰ ਉਸ ਦਾ ਇਹ ਪ੍ਰੇਮ ਨਹੀਂ ਚਾਹੀਦਾ।" ਉਨ੍ਹਾਂ ਨੇ ਪਰਮੇਸ਼ੁਰ ਨੂੰ ਜ਼ਿੰਮੇਵਾਰ ਠਹਿਰਾਇਆ ਸੀ ਹਾਲਾਂਕਿ ਉਹ ਨੂੰ ਆਪਣੇ ਕੰਮਾਂ ਦਾ "ਠੀਕ ਠੀਕ ਬਦਲਾ ਮਿਲਿਆ" (ਇਬਰਾਨੀਆਂ 2:2)।

## ਛੇਵਾਂ ਕਟੋਰਾ (16:12-16)

**12ਛੇਵੇਂ ਨੇ ਆਪਣਾ ਕਟੋਰਾ ਓਸ ਵੱਡੇ ਦਰਿਆ ਫਰਾਤ ਉੱਤੇ ਉਲੱਦ ਦਿੱਤਾ ਅਤੇ ਉਹ ਦਾ
ਪਾਣੀ ਸੁੱਕ ਗਿਆ ਤਾਂ ਜੋ ਚੜ੍ਹਦੀ ਵੱਲੋਂ ਜਿਹੜੇ ਰਾਜੇ ਆਉਣ ਵਾਲੇ ਹਨ ਓਹਨਾਂ ਲਈ ਰਾਹ
ਤਿਆਰ ਕੀਤਾ ਜਾਵੇ। 13ਅਜਗਰ ਦੇ ਮੂੰਹ ਵਿੱਚੋਂ ਅਤੇ ਓਸ ਦਰਿੰਦੇ ਦੇ ਮੂੰਹ ਵਿੱਚੋਂ ਅਤੇ ਝੂਠੇ
ਨਬੀ ਦੇ ਮੂੰਹ ਵਿੱਚੋਂ ਮੈਂ ਡੱਡੂਆਂ ਜੇਹੇ ਤਿੰਨ ਭ੍ਰਿਸ਼ਟ ਆਤਮੇ ਨਿੱਕਲਦੇ ਵੇਖੇ; 14ਕਿਉਂ ਜੋ ਏਹ
ਨਿਸ਼ਾਨ ਵਿਖਾਉਣ ਵਾਲੇ ਭੂਤਾਂ ਦੇ ਆਤਮੇ ਹਨ ਜਿਹੜੇ ਸਾਰੇ ਜਗਤ ਦਿਆਂ ਰਾਜਿਆਂ ਕੋਲ
ਜਾਂਦੇ ਹਨ ਭਈ ਓਹਨਾਂ ਨੂੰ ਪਰਮੇਸ਼ੁਰ ਸਰਬ ਸ਼ਕਤੀਮਾਨ ਦੇ ਓਸ ਵੱਡੇ ਦਿਹਾੜੇ ਦੇ ਜੁੱਧ
ਲਈ ਇਕੱਠਿਆਂ ਕਰਨ; 15ਵੇਖੋ, ਮੈਂ ਚੋਰ ਵਾਂਙੁ ਆਉਂਦਾ ਹਾਂ। ਧੰਨ ਉਹ ਜਿਹੜਾ ਜਾਗਦਾ
ਰਹਿੰਦਾ ਅਤੇ ਆਪਣੇ ਬਸਤਰ ਦੀ ਚੌਕਸੀ ਕਰਦਾ ਹੈ ਭਈ ਉਹ ਨੰਗਾ ਨਾ ਫਿਰੇ ਅਤੇ ਲੋਕ
ਉਹ ਦੀ ਸ਼ਰਮ ਨਾ ਵੇਖਣ। 16ਅਤੇ ਉਨ੍ਹਾਂ ਨੇ ਉਸ ਥਾਂ ਓਹਨਾਂ ਨੂੰ ਇਕੱਠਿਆਂ ਕੀਤਾ ਜਿਹੜਾ
ਇਬਰਾਨੀ ਭਾਖਿਆ ਵਿੱਚ ਹਰਮਿੱਗਦੋਨ ਕਰਕੇ ਸਦਾਉਂਦਾ ਹੈ।**

ਗਰਜਦੀਆਂ ਤੋਪਾਂ, ਬੰਬਾਂ ਦਾ ਫਟਣਾ, ਬਾਰੂਦ ਅਤੇ ਹਵਾ ਵਿੱਚ ਮੌਤ ਦੀ ਬਦਬੂ ਭਰਨਾ,

ਵੱਡੀਆਂ-ਵੱਡੀਆਂ ਫੌਜਾਂ, ਹਮਲੇ ਅਤੇ ਹਮਲੇ ਤੇ ਹਮਲੇ, ਪਹਿਲਾਂ ਇੱਕ ਪਾਸਾ ਜਿੱਤਦਾ ਹੈ ਅਤੇ ਫਿਰ ਦੂਜਾ ਪਾਸਾ – ਬਹੁਤ ਸਾਰੇ ਲੋਕ ਇਸ ਤਰੀਕੇ ਨਾਲ "ਹਰਮਿੱਗਦੋਨ ਦੇ ਯੁੱਧ" ਦੀ ਕਲਪਨਾ ਕਰਦੇ ਹਨ। "ਹਰਮਿੱਗਦੋਨ ਦੇ ਯੁੱਧ" ਦੀ ਧਾਰਣਾ ਬਹੁਤ ਜ਼ਿਆਦਾ ਪ੍ਰਸਿੱਧ ਹੈ ਅਤੇ ਬਹੁਤ ਸਾਰੇ ਦਿਲਾਂ ਨੂੰ ਬਹਿਕਾ ਦਿੰਦੀ ਹੈ ਕਿ ਇਹ ਕਹਿਣਾ ਲਗਭਗ ਅਫ਼ਸੋਸਨਾਕ ਹੈ: *ਕੋਈ ਹਰਮਿੱਗਦੋਨ ਦਾ ਯੁੱਧ ਨਹੀਂ ਹੈ*। ਆਮ ਤੌਰ ਤੇ "ਯੁੱਧ" ਸ਼ਬਦ ਬਾਰੇ ਸਵੀਕਾਰ ਕੀਤੀ ਜਾਣ ਵਾਲੀ ਪਰਿਭਾਸ਼ਾ ਅਨੁਸਾਰ ਵੀ, ਸੱਚਮੁੱਚ ਹਰਮਿੱਗਦੋਨ ਦਾ ਯੁੱਧ ਨਹੀਂ ਹੋਵੇਗਾ। ਸਗੋਂ ਪਰਕਾਸ਼ ਦੀ ਪੋਥੀ 16 ਅਧਿਆਇ ਵਿੱਚ ਪਾਏ ਜਾਣ ਵਾਲੇ ਦਰਸ਼ਣ ਵਿੱਚ ਵੀ, ਕੋਈ ਹਰਮਿੱਗਦੋਨ ਦਾ ਯੁੱਧ ਨਹੀਂ ਸੀ ਹੋਇਆ।

ਪਰਕਾਸ਼ ਦੀ ਪੋਥੀ ਵਿਚਾਰ ਅਧੀਨ ਯੁੱਧ ਦਾ ਤਿੰਨ ਵਾਰ ਜ਼ਿਕਰ ਕਰਦੀ ਹੈ: 16:14; 19:19 ਅਤੇ 20:8 ਵਿੱਚ। ਜਿਹੜੇ ਨਿਰੰਤਰ-ਇਤਹਾਸਕ ਦ੍ਰਿਸ਼ਟੀਕੋਣ ਦੀ ਵਰਤੋਂ ਕਰਦੇ ਹਨ ਆਮ ਤੌਰ ਤੇ ਇਨ੍ਹਾਂ ਦੀ ਤਿੰਨ ਵੱਖ-ਵੱਖ ਯੁੱਧਾਂ ਦੇ ਰੂਪ ਵਿੱਚ ਵਿਆਖਿਆ ਕਰਦੇ ਹਨ ਜਿਹੜਾ ਇਤਹਾਸ ਵਿੱਚ ਹੋਇਆ ਹੈ। ਪੰਜਾਬੀ ਵਿੱਚ, ਉਨ੍ਹਾਂ ਬੰਦਾਂ ਵਿੱਚ, ਵੱਖ-ਵੱਖ ਤਰ੍ਹਾਂ ਦੇ ਸ਼ਬਦ ਵਰਤੇ ਗਏ ਹਨ, ਪਰ ਯੂਨਾਨੀ ਵਿੱਚ, ਤਿੰਨਾਂ ਆਇਤਾਂ ਵਿੱਚ ਇੱਕੋ ਜਿਹੇ ਵਾਕ ਦੀ ਵਰਤੋਂ ਕੀਤੀ ਗਈ ਹੈ – τὸν πόλεμον (*ਟੌਨ ਪੋਲੇਮੋਨ*), ਜਿਸ ਦਾ ਅਰਥ "ਲੜਾਈ" ਜਾਂ "ਯੁੱਧ" ਹੈ। ਨਿਸ਼ਚਿਤ ਉੱਪਪਦ τὸν (*ਟੌਨ*, "the") ਦੀ ਵਰਤੋਂ ਇਸ਼ਾਰਾ ਕਰਦੀ ਹੈ ਕਿ ਇੱਕੋ ਯੁੱਧ ਨੂੰ ਤਿੰਨ ਵੱਖ-ਵੱਖ ਪਹਿਲੂਆਂ ਤੋਂ ਵੇਖਿਆ ਗਿਆ ਸੀ। ਪਰਕਾਸ਼ ਦੀ ਪੋਥੀ ਸਿਰਫ ਇੱਕੋ ਨਿਰਣਾਇਕ "ਯੁੱਧ" ਦੀ ਗੱਲ ਕਰਦੀ ਹੈ। ਜਦ ਕਿ ਇਸ "ਯੁੱਧ" ਦਾ ਪੂਰਾ ਬਿਰਤਾਂਤ ਅਧਿਆਇ 19 ਵਿੱਚ ਮਿਲਦਾ ਹੈ, ਇਸ ਵਿਸ਼ੇ ਨੂੰ ਇੱਥੇ ਸੰਬੋਧਿਤ ਕੀਤਾ ਜਾਵੇਗਾ।

**ਆਇਤ 12. ਛੇਵੇਂ ਨੇ ਆਪਣਾ ਕਟੋਰਾ ਓਸ ਵੱਡੇ ਦਰਿਆ ਫਰਾਤ ਉੱਤੇ ਉਲੱਦ ਦਿੱਤਾ ਅਤੇ ਉਹ ਦਾ ਪਾਣੀ ਸੁੱਕ ਗਿਆ ਤਾਂ ਜੋ ਚੜ੍ਹਦੀ ਵੱਲੋਂ ਜਿਹੜੇ ਰਾਜੇ ਆਉਣ ਵਾਲੇ ਹਨ ਓਹਨਾਂ ਲਈ ਰਾਹ ਤਿਆਰ ਕੀਤਾ ਜਾਵੇ।** "ਪੁਰਾਣੇ ਨੇਮ ਵਿੱਚ ਪਰਮੇਸ਼ੁਰ ਦੇ ਸ਼ਕਤੀਸ਼ਾਲੀ ਕੰਮ ਨੂੰ ਬਾਰ-ਬਾਰ ਪਾਣੀਆਂ ਦੇ ਸੁੱਕਣ ਨਾਲ ਜੋੜਿਆ ਗਿਆ ਹੈ, ਜਿਵੇਂ ਕਿ ਲਾਲ ਸਮੁੰਦਰ [ਕੂਚ 14:21], ਯਰਦਨ [ਯਹੋਸ਼ੁਆ 3:16, 17] ਅਤੇ ਕਈ ਵਾਰ ਨਬੂਵਤ ਵਿੱਚ [ਯਸਾਯਾਹ 11:15; ਯਿਰਮਿਯਾਹ 51:36; ਜ਼ਕਰਯਾਹ 10:11]।"[12] ਬਹੁਤ ਸਾਰੇ ਲੇਖਕ ਟਿੱਪਣੀ ਕਰਦੇ ਹਨ ਕਿ ਜਦੋਂ ਖੋਰੁਸ ਨੇ ਬਾਬੁਲ ਸ਼ਹਿਰ ਨੂੰ ਆਪਣੇ ਹੱਕ ਵਿੱਚ ਲੈ ਲਿਆ, ਉਸ ਨੇ ਫਰਾਤ ਦਰਿਆ ਦਾ ਪਾਣੀ ਦੂਜੇ ਪਾਸੇ ਮੋੜ ਦਿੱਤਾ ਤਾਂ ਕਿ ਨਦੀ ਦਾ ਉਹ ਹਿੱਸਾ ਜਿਹੜਾ ਸ਼ਹਿਰ ਦੇ ਵਿੱਚੋਂ ਦੀ ਗੁਜਰਦਾ ਸੀ "ਸੁੱਕ" ਜਾਵੇ। ਇਸ ਤਰ੍ਹਾਂ ਸ਼ਹਿਰ ਕਮਜ਼ੋਰ ਬਣ ਗਿਆ। 16:12 ਦਾ ਰੂਪਕ ਇਸ ਘਟਨਾ ਤੋਂ ਲਿਆ ਗਿਆ ਹੈ ਜਾਂ ਨਹੀਂ, ਇਹ ਫਿਰ ਵੀ ਫਰਾਤ ਦਰਿਆ ਦੇ ਸੁੱਕਣ ਦੇ ਪ੍ਰਭਾਵ ਦਾ ਇੱਕ ਨਾਟਕੀ ਉਦਾਹਰਣ ਹੈ।

ਛੇਵੀਂ *ਤੁਰ੍ਹੀ* ਵੱਜਣ ਤੇ, ਚਾਰ ਦੂਤ ਜਿਹੜੇ ਫਰਾਤ ਦਰਿਆ ਉੱਤੇ ਬੱਧੇ ਹੋਏ ਸਨ ਉਨ੍ਹਾਂ ਨੂੰ ਖੋਲ੍ਹ ਦਿੱਤਾ ਗਿਆ ਅਤੇ ਉਹ ਇੱਕ ਬਹੁਤ ਵੱਡੀ ਫੌਜ ਬਣ ਗਏ (9:13-19)। ਜਦੋਂ ਉਸ ਤੁਰ੍ਹੀ ਦਾ ਅਧਿਐਨ ਕੀਤਾ ਗਿਆ ਸੀ, ਇਹ ਟਿੱਪਣੀ ਕੀਤੀ ਗਈ ਸੀ ਕਿ ਫਰਾਤ ਦਰਿਆ ਰੋਮੀਆਂ ਅਤੇ ਚੜ੍ਹਦੀ ਵੱਲੋਂ ਉਨ੍ਹਾਂ ਦੇ ਦੁਸ਼ਮਣਾਂ ਵਿਚਕਾਰ ਇੱਕ ਕੁਦਰਤੀ ਸੀਮਾ ਸੀ। ਇਹ ਵੀ ਮੰਨਿਆ ਜਾਂਦਾ ਸੀ ਕਿ ਫਰਾਤ ਦਰਿਆ ਯਹੂਦੀਆਂ ਅਤੇ ਉਨ੍ਹਾਂ ਦੇ ਦੁਸ਼ਮਣਾਂ ਵਿਚਕਾਰ ਇੱਕ ਕੁਦਰਤੀ ਸੀਮਾ ਸੀ। ਇਹੀ ਸਧਾਰਣ ਧਾਰਣਾ ਛੇਵੇਂ *ਕਟੋਰੇ* ਵਿੱਚ ਬਣਾਈ ਰੱਖੀ ਗਈ ਹੈ: ਫਰਾਤ ਦਰਿਆ ਦਾ ਸੁੱਕਣਾ ਇਹ ਇਸ਼ਾਰਾ ਕਰਦਾ ਸੀ ਕਿ ਸੀਮਾ ਹਟਾ ਦਿੱਤੀ ਗਈ ਸੀ। ਇਸ ਤਰ੍ਹਾਂ **ਚੜ੍ਹਦੀ ਵੱਲੋਂ ਰਾਜਿਆਂ** ਦੇ ਲਈ ਉਨ੍ਹਾਂ ਦੀਆਂ ਜੇਤੂ ਫੌਜਾਂ ਨਾਲ ਦੇਸ ਵਿੱਚ ਦਾਖ਼ਲ ਹੋਣ ਦਾ ਰਾਹ ਖੁੱਲ੍ਹ ਗਿਆ ਸੀ।

"ਚੜ੍ਹਦੀ ਵੱਲੋਂ ਰਾਜਿਆਂ" ਵਾਕ ਪਰਕਾਸ਼ ਦੀ ਪੋਥੀ ਵਿੱਚ ਹੋਰ ਕਿਤੇ ਨਹੀਂ ਮਿਲਦਾ ਅਤੇ ਪਵਿੱਤਰ ਆਤਮਾ ਇਸ ਥਾਂ ਤੇ ਵਾਕ ਦੀ ਵਿਆਖਿਆ ਨਹੀਂ ਕਰਦਾ। ਸੰਦਰਭ ਵਿੱਚ, ਇਹ ਸ਼ਬਦ ਫਰਾਤ ਦਰਿਆਂ ਦੇ ਚੜ੍ਹਦੇ ਵਾਲੇ ਪਾਸੇ ਤੇ ਉਨ੍ਹਾਂ ਦੁਸ਼ਮਣਾਂ ਦਾ ਹਵਾਲਾ ਦਿੰਦਾ ਪ੍ਰਤੀਤ ਹੁੰਦਾ ਹੈ। ਜਿਸ ਸਮੇਂ ਪਰਕਾਸ਼ ਦੀ ਪੋਥੀ ਲਿਖੀ ਗਈ ਸੀ, ਫ਼ਰਾਤ ਦਰਿਆ ਰੋਮੀ ਸਾਮਰਾਜ ਦੀ ਪੂਰਬੀ ਹੱਦ ਦਾ ਪ੍ਰਤੀਕ ਹੁੰਦਾ ਸੀ; ਰੋਮੀ ਸਮਰਾਟ ਆਪਣੀ ਹਕੂਮਤ ਨੂੰ ਇਸ ਤੋਂ ਅੱਗੇ ਵਧਾਉਣ ਵਿੱਚ ਸਮਰੱਥ ਨਹੀਂ ਸੀ ਹੋਏ। ਫੇਰ, ਇੱਕ ਵਾਰ ਸਾਨੂੰ ਉਨ੍ਹਾਂ ਪਹਿਲੂਆਂ ਵਿੱਚੋਂ ਇੱਕ ਪਹਿਲੂ ਬਾਰੇ ਚੇਤੇ ਕਰਾਇਆ ਗਿਆ ਹੈ ਜਿਸ ਨਾਲ ਆਕਰਮਣ ਤੋਂ ਬਿਨਾਂ ਰੋਮ ਦਾ ਪਤਨ ਹੋਇਆ ਸੀ।

ਫਿਰ ਵੀ, ਪਾਠਕ ਨੂੰ ਛੇਵੇਂ ਕਟੋਰੇ ਦੀ ਪ੍ਰਾਸੰਗਿਕਤਾ ਨੂੰ ਰੋਮੀ ਸਾਮਰਾਜ ਦੇ ਪਤਨ ਤੱਕ ਸੀਮਤ ਰੱਖਣ ਦੀ ਲੋੜ ਨਹੀਂ ਹੈ। ਪਰਮੇਸ਼ੁਰ ਨੇ ਉਨ੍ਹਾਂ ਦੇ ਆਲੇ-ਦੁਆਲੇ ਹਮੇਸ਼ਾ ਇੱਕ ਸੀਮਾ ਰੱਖਣ ਦਾ ਵਾਅਦਾ ਕੀਤਾ ਹੈ ਜਿਹੜੇ ਉਸ ਦੀ ਇੱਛਾ ਦੇ ਪ੍ਰਤੀ ਸਮਰਪਿਤ ਹਨ: ਉਹ "ਤੁਹਾਡੀ ਸ਼ਕਤੀਓਂ ਬਾਹਰ ਤੁਹਾਨੂੰ ਪਰਤਾਵੇ ਵਿੱਚ ਨਹੀਂ ਪੈਣ ਦੇਵੇਗਾ" (1 ਕੁਰਿੰਥੀਆਂ 10:13)। ਕੁਧਰਮੀ ਦੇ ਲਈ, ਅਜਿਹਾ ਕੋਈ ਵਾਅਦਾ ਨਹੀਂ ਹੈ। ਜਦੋਂ ਇੱਕ ਮਨੁੱਖ ਪ੍ਰਭੂ ਦਾ ਵਿਰੋਧ ਕਰਦਾ ਹੈ, ਸੀਮਾਵਾਂ ਢਹਿ ਜਾਂਦੀਆਂ ਹਨ ਅਤੇ ਉਸ ਦੇ ਨਤੀਜੇ ਦੁਖਦਾਈ ਹੁੰਦੇ ਹਨ। ਜਦੋਂ ਛੇਵੀਂ ਤੁਰ੍ਹੀ ਦਾ ਅਧਿਐਨ ਕੀਤਾ ਗਿਆ ਸੀ, ਦੂਜਿਆਂ ਤੇ ਪਾਪ ਦੇ ਪ੍ਰਭਾਵ ਤੇ ਖ਼ਾਸ ਜ਼ੋਰ ਦਿੱਤਾ ਗਿਆ ਸੀ। ਇੱਥੇ ਉਸੇ ਤਰ੍ਹਾਂ ਦੀ ਪ੍ਰਾਸੰਗਿਕਤਾ ਦਿੱਤੀ ਜਾ ਸਕਦੀ ਹੈ: ਜਦੋਂ ਸੀਮਾਵਾਂ ਢਹਿ ਜਾਂਦੀਆਂ ਹਨ, ਨਾ ਸਿਰਫ ਪਾਪੀ ਪ੍ਰਭਾਵਿਤ ਹੁੰਦਾ ਹੈ, ਪਰ ਉਸ ਦੇ ਆਲੇ-ਦੁਆਲੇ ਹਰ ਕੋਈ ਪ੍ਰਭਾਵਿਤ ਹੁੰਦਾ ਹੈ।

**ਆਇਤ 13.** ਦਰਿਆ ਫਰਾਤ ਦਾ "ਸੁੱਕਣਾ" ਕਥਿਤ "ਹਰਮਿੱਗਦੋਨ ਦੇ ਯੁੱਧ" ਦਾ ਬਿਰਤਾਂਤ ਪੇਸ਼ ਕਰਦਾ ਹੈ। ਪੰਜਵੇਂ ਕਟੋਰੇ ਤੋਂ ਬਾਅਦ, ਅਸੀਂ ਮਨੁੱਖਜਾਤੀ ਦਾ ਜਵਾਬ ਵੇਖਿਆ ਸੀ। ਹੁਣ, ਛੇਵੇਂ ਕਟੋਰੇ ਤੋਂ ਬਾਅਦ, ਸਾਡੇ ਕੋਲ ਸ਼ਤਾਨ ਅਤੇ ਉਸ ਦੇ ਸਾਥੀਆਂ ਦਾ ਜਵਾਬ ਹੈ। ਆਇਤਾਂ 13, 14 ਅਤੇ 16 ਸ਼ਤਾਨ ਦੇ "ਰਣਨੀਤੀ ਕਮਰੇ ਵਿੱਚੋਂ ਯੋਜਨਾਬੱਧ ਜਵਾਬੀ ਹਮਲੇ" ਦੀ ਰੂਪਰੇਖਾ ਦਿੰਦੀਆਂ ਹਨ।[13] ਸ਼ਤਾਨ ਪਰਮੇਸ਼ੁਰ ਦੇ ਨਿਆਵਾਂ ਨੂੰ ਕਦੀ ਸਵੀਕਾਰ ਨਹੀਂ ਕਰਦਾ; ਉਹ ਉਸ ਸਮੇਂ ਤੱਕ ਬਾਗੀ ਰਹੇਗਾ ਜਦੋਂ ਤੱਕ ਉਸ ਨੂੰ "ਅੱਗ ਅਤੇ ਗੰਧਕ ਦੀ ਝੀਲ ਵਿੱਚ ਨਹੀਂ ਸੁੱਟਿਆ ਜਾਂਦਾ" (20:10)।

**ਅਜਗਰ ਦੇ ਮੂੰਹ ਵਿੱਚੋਂ ਅਤੇ ਓਸ ਦਰਿੰਦੇ ਦੇ ਮੂੰਹ ਵਿੱਚੋਂ ਅਤੇ ਝੂਠੇ ਨਬੀ ਦੇ ਮੂੰਹ ਵਿੱਚੋਂ ਮੈਂ ਡੱਡੂਆਂ ਜੇਹੇ ਤਿੰਨ ਭ੍ਰਿਸ਼ਟ ਆਤਮੇ ਨਿੱਕਲਦੇ ਵੇਖੇ।** ਯੂਹੰਨਾ ਨੇ ਅਜਗਰ (12:3, 4), ਦਰਿੰਦੇ (13:1, 2) ਅਤੇ ਝੂਠੇ ਨਬੀ ਨੂੰ ਮਿਲ ਕੇ ਝੁੰਡ ਬਣਾਉਂਦੇ ਵੇਖਿਆ ਸੀ। ਇਹ ਹਵਾਲਾ **ਝੂਠੇ ਨਬੀ** ਸ਼ਬਦ ਦੀ ਪਹਿਲੀ ਵਰਤੋਂ ਹੈ, ਪਰ, ਜਿਵੇਂ ਕਿ ਪਹਿਲਾਂ ਟਿੱਪਣੀ ਕੀਤੀ ਗਈ ਸੀ, ਉਹ 13:11 ਵਾਲਾ ਧਰਤੀ ਦਾ ਦਰਿੰਦਾ ਹੈ (13:12 ਤੇ ਟਿੱਪਣੀਆਂ ਵੇਖੋ)। 13:12-17 ਵਿੱਚ ਉਹ ਦਰਿੰਦਾ ਜਿਹੜਾ ਧਰਤੀ ਵਿੱਚੋਂ ਨਿੱਕਲਿਆ ਸੀ ਉਸ ਦੀ ਤੁਲਨਾ 19:20 ਵਿੱਚ ਝੂਠੇ ਨਬੀ ਦੇ ਵਰਣਨ ਨਾਲ ਕਰੋ: "ਉਹ ਝੂਠਾ ਨਬੀ ਭੀ ਜਿਹ ਨੇ ਉਹ [ਦਰਿੰਦੇ] ਦੇ ਸਾਹਮਣੇ ਓਹ ਨਿਸ਼ਾਨੀਆਂ ਵਿਖਾਈਆਂ ਜਿਨ੍ਹਾਂ ਨਾਲ ਉਸ ਨੇ ਓਹਨਾਂ ਨੂੰ ਭਰਮਾ ਛੱਡਿਆ ਸੀ ਜਿਨ੍ਹਾਂ ਉਸ ਦਰਿੰਦੇ ਦਾ ਦਾਗ ਲੁਆਇਆ ਸੀ ਨਾਲੇ ਓਹਨਾਂ ਨੂੰ ਜਿਹੜੇ ਉਹ ਦੀ ਪੂਜਾ ਕਰਦੇ ਸਨ।"

ਜਿਵੇਂ ਹੀ ਰਸੂਲ ਨੇ ਵੇਖਿਆ, ਉਨ੍ਹਾਂ ਤਿੰਨਾਂ ਦੇ ਅਪਵਿੱਤਰ ਮੂੰਹਾਂ ਵਿੱਚੋਂ **ਡੱਡੂਆਂ ਜੇਹੇ** ਤਿੰਨ ਭ੍ਰਿਸ਼ਟ ਆਤਮੇ ਨਿੱਕਲੇ। ਸ਼ਬਦ **ਨਿੱਕਲਦੇ** ਅਨੁਵਾਦਕਾਂ ਦੁਆਰਾ ਜੋੜਿਆ ਗਿਆ ਸੀ। ਕੁਝ ਲੇਖਕ ਸੁਝਾਅ ਦਿੰਦੇ ਹਨ ਕਿ ਡੱਡੂਆਂ ਨੂੰ ਉਲਟੀ ਕਰਕੇ ਬਾਹਰ ਕੱਢਿਆ ਗਿਆ ਸੀ। ਅਜਗਰ ਅਤੇ ਦਰਿੰਦੇ ਦੋਵਾਂ ਦੇ ਸੱਤ ਸਿਰ ਸਨ (12:3; 13:1), ਪਰ ਦੱਸਿਆ ਗਿਆ ਹੈ ਕਿ ਹਰੇਕ ਦਾ ਇੱਕੋ **ਮੂੰਹ** ਸੀ। ਫੇਰ ਸਾਨੂੰ ਚੇਤੇ ਕਰਾਇਆ ਗਿਆ ਕਿ ਇਹ ਦਰਸ਼ਣ ਦਾ ਇੱਕ *ਪ੍ਰਤੀਕਾਤਮਕ*

ਪਹਿਲੂ ਹੈ, ਜਥਾਰਥ ਰੂਪ ਵਿੱਚ ਕੁਝ ਵੀ ਸੱਚ ਨਹੀਂ ਹੈ।

ਆਇਤ 14 ਵਿੱਚ **ਭ੍ਰਿਸ਼ਟ ਆਤਮੇ** ਨੂੰ "ਭੂਤਾਂ ਦੇ ਆਤਮੇ" ਕਿਹਾ ਗਿਆ ਹੈ। ਪਰਤੱਖ ਰੂਪ ਵਿੱਚ ਇਹ ਦੋਸਤਾਨਾ ਪ੍ਰਾਣੀ ਨਹੀਂ ਸਨ। ਇੰਜੀਲ ਦੇ ਬਿਰਤਾਂਤਾਂ ਵਿੱਚ ਉਨ੍ਹਾਂ ਸ਼ਤਾਨੀ ਹਸਤੀਆਂ ਦਾ ਵਰਣਨ ਕਰਨ ਦੇ ਲਈ ਜਿਨ੍ਹਾਂ ਨੂੰ ਯਿਸੂ ਦੁਆਰਾ ਕੱਢਿਆ ਗਿਆ ਸੀ "ਭ੍ਰਿਸ਼ਟ ਆਤਮਾ" ਸ਼ਬਦ ਵਰਤਿਆ ਗਿਆ ਸੀ (ਮਰਕੁਸ 9:25; ਲੂਕਾ 9:42)। ਕੁਝ ਟਿੱਪਣੀਕਾਰਾਂ ਦਾ ਮੰਨਣਾ ਹੈ ਕਿ ਉਨ੍ਹਾਂ ਅਪਵਿੱਤਰ ਤਿੰਨਾਂ ਦੇ ਮੂੰਹਾਂ ਵਿੱਚੋਂ ਤਿੰਨ ਭ੍ਰਿਸ਼ਟ "ਆਤਮਿਆਂ" ਦੇ ਨਿੱਕਲਣ ਸੰਬੰਧੀ ਸ਼ਬਦਾਂ ਨਾਲ ਜੋੜ-ਤੋੜ ਕੀਤਾ ਗਿਆ ਹੈ: ਅਨੁਵਾਦ ਕੀਤਾ ਗਿਆ "ਆਤਮਾ" ਸ਼ਬਦ ਯੂਨਾਨੀ ਸ਼ਬਦ πνεῦμα (*ਨਿਊਮਾ*) ਤੋਂ ਆਉਂਦਾ ਹੈ, ਜਿਸ ਦਾ ਅਰਥ "ਸਾਹ" ਵੀ ਹੋ ਸਕਦਾ ਹੈ (2 ਥੱਸਲੁਨੀਕੀਆਂ 2:8 ਵੇਖੋ)। ਇਸ ਤਰ੍ਹਾਂ ਉਨ੍ਹਾਂ ਦਾ ਮੰਨਣਾ ਹੈ ਕਿ ਤਿੰਨ ਡੱਡੂ ਕੁਧਰਮੀ ਅਤੇ ਝੂਠੀਆਂ *ਗੱਲਾਂ* ਦੇ ਪ੍ਰਤੀਕ ਹਨ ਜੋ ਸ਼ਤਾਨ ਸੰਸਾਰ ਵਿੱਚ ਭੇਜਦਾ ਹੈ। ਇਹ ਸੱਚ ਹੈ ਕਿ ਮੁੱਖ ਤਰੀਕਾ ਜਿਸ ਨਾਲ ਸ਼ਤਾਨ ਆਪਣੇ ਪਿੱਛੇ ਚੱਲਣ ਵਾਲਿਆਂ ਨੂੰ ਭਰਤੀ ਕਰਦਾ ਹੈ ਉਹ ਹੈ ਝੂਠ ਬੋਲਣ ਦੁਆਰਾ (ਯੂਹੰਨਾ 8:44 ਵੇਖੋ)।

ਇਨ੍ਹਾਂ ਆਤਮਾਵਾਂ ਦਾ "ਡੱਡੂਆਂ ਜੇਹੇ" ਹੋਣ ਵਜੋਂ ਕਿਉਂ ਵਰਣਨ ਕੀਤਾ ਗਿਆ ਹੈ? ਯੂਹੰਨਾ ਨੇ ਇਹ ਨਹੀਂ ਕਿਹਾ ਕਿ ਭ੍ਰਿਸ਼ਟ ਆਤਮੇ ਡੱਡੂ ਸਨ, ਪਰ ਉਹ ਡੱਡੂਆਂ *ਜੇਹੇ* ਸਨ। ਅਸੀਂ ਇਹ ਮੰਨ ਸਕਦੇ ਹਾਂ ਕਿ ਦਰਸ਼ਣ ਵਿੱਚ, ਉਹ ਡੱਡੂਆਂ ਵਰਗੇ ਲੱਗਦੇ ਸਨ, ਪਰ ਉਹ ਡੱਡੂ ਬਿਲਕੁਲ ਨਹੀਂ ਸਨ। ਯੂਹੰਨਾ ਦੇ ਮਨ ਵਿੱਚ ਆਤਮਾਵਾਂ ਦੀ ਇੱਕ ਹੋਰ ਵਿਸ਼ੇਸ਼ਤਾ ਸੀ ਜਿਸ ਨੇ ਉਸ ਨੂੰ ਡੱਡੂਆਂ ਦੇ ਬਾਰੇ ਚੇਤੇ ਕਰਾਇਆ। ਕੁਝ ਟਿੱਪਣੀਕਾਰ "ਭ੍ਰਿਸ਼ਟ" ਸ਼ਬਦ ਤੇ ਜ਼ੋਰ ਦਿੰਦੇ ਹਨ; ਮੂਸਾ ਦੀ ਸ਼ਰਾ ਅਧੀਨ, ਡੱਡੂ "ਭਿਸ਼੍ਰਟ" ਜੀਵ ਸਨ ਅਤੇ ਇਸਰਾਏਲੀ ਲੋਕ ਉਨ੍ਹਾਂ ਨੂੰ ਨਹੀਂ ਸੀ ਖਾ ਸਕਦੇ (ਲੇਵੀਆਂ 11:1-12 ਵੇਖੋ)। (ਲੇਵੀਆਂ 11 ਵਿੱਚ ਡੱਡੂ ਦਾ ਖ਼ਾਸ ਤੌਰ ਤੇ ਜ਼ਿਕਰ ਨਹੀਂ ਕੀਤਾ ਗਿਆ ਹੈ; ਪਰ ਜੇਕਰ ਇਸ ਨੂੰ ਧਰਤੀ ਦਾ ਜੀਵ ਸਮਝਿਆ ਜਾਂਦਾ ਸੀ, ਤਾਂ ਇਹ ਭ੍ਰਿਸ਼ਟ ਹੋਵੇਗਾ ਕਿਉਂਕਿ ਇਸ ਦੇ ਸੁੰਬ ਨਹੀਂ ਸੀ ਪਾਟੇ ਅਤੇ ਇਹ ਉਗਾਲੀ ਨਹੀਂ ਸੀ ਕਰਦਾ। ਜੇਕਰ ਇਸ ਨੂੰ ਪਾਣੀ ਵਾਲਾ ਜੀਵ ਸਮਝਿਆ ਜਾਂਦਾ ਸੀ, ਇਹ ਅਸ਼ੁੱਧ ਹੋਵੇਗਾ ਕਿਉਂਕਿ ਇਸ ਦੇ ਪਰ ਅਤੇ ਚਾਨੇ ਨਹੀਂ ਸਨ।) ਹੋਰ ਲੇਖਕ ਪਰਕਾਸ਼ ਦੀ ਪੋਥੀ ਵਿੱਚ ਵਰਤੀ ਗਈ ਕੂਚ ਦੀ ਵਿਸਤਰਤ ਭਾਸ਼ਾ ਵੱਲ ਇਸ਼ਾਰਾ ਕਰਦੇ ਹਨ ਅਤੇ ਇਨ੍ਹਾਂ ਨੂੰ ਮਿਸਰ ਵਿੱਚ ਆਈਆ ਡੱਡੂਆਂ ਦੀ ਬਵਾ ਨਾਲ ਜੋੜਦੇ ਹਨ (ਕੂਚ 8:1-15)। ਇਹ ਪਿਛੋਕੜ ਸੰਭਵ ਹੈ, ਪਰ ਮਿਸਰ ਵਿੱਚ ਡੱਡੂ ਵੱਡੀ ਪਰੇਸ਼ਾਨੀ ਸਨ, ਜਦ ਕਿ ਪਰਕਾਸ਼ ਦੀ ਪੋਥੀ ਵਾਲੇ ਡੱਡੂਆਂ ਦਾ ਉਦੇਸ਼ ਬਹੁਤ ਹੀ ਘਾਤਕ ਸੀ। ਕੁਝ ਟਿੱਪਣੀਕਾਰ ਡੱਡੂਆਂ ਦੇ ਘਿਣੌਣੇ ਸੁਭਾਅ ਤੇ ਜ਼ੋਰ ਦਿੰਦੇ ਹਨ, ਸਗੋਂ ਅੱਜ ਵੀ ਪੂਰੀ ਦੁਨੀਆ ਵਿੱਚ ਡੱਡੂਆਂ ਨੂੰ ਘਿਣੌਣੇ ਜੀਵ ਸਮਝਿਆ ਜਾਂਦਾ ਹੈ। ਕੁਝ ਲੇਖਕ ਟਿੱਪਣੀ ਕਰਦੇ ਹਨ ਕਿ ਡੱਡੂ ਖ਼ਾਸ ਤੌਰ ਸਮੁੰਦਰ ਦੇ ਦਰਿੰਦੇ *ਅਤੇ* ਧਰਤੀ ਦੇ ਦਰਿੰਦੇ ਦੇ ਨੁਮਾਇੰਦੇ ਵਜੋਂ ਕੰਮ ਕਰਨ ਦੇ ਲਈ ਉਚਿਤ ਸਨ ਕਿਉਂਕਿ ਉਹ ਜਲਸਥਲੀ ਸਨ – ਅਰਥਾਤ, ਉਹ ਜ਼ਮੀਨ ਤੇ ਅਤੇ ਪਾਣੀ ਵਿੱਚ ਵੀ ਰਹਿ ਸਕਦੇ ਹਨ।

ਇਸ ਸੰਭਾਵਨਾ ਤੇ ਵਿਚਾਰ ਕਰੋ ਕਿ ਕਿਉਂ ਇਸ ਰੂਪਕ ਦੀ ਵਰਤੋਂ ਕੀਤੀ ਗਈ ਸੀ: ਜਿੱਥੋਂ ਤੱਕ ਡੱਡੂਆਂ ਦੀ ਫੌਜੀ ਵੀਰਤਾ ਦੀ ਗੱਲ ਹੈ, ਬਹੁਤ ਸਾਰੇ ਲੋਕ ਇਸ ਠੰਡੇ, ਚਿਪਚਿਪੇ, ਘਿਣੌਣੇ ਜੀਵਾਂ ਨੂੰ *ਪਸੰਦ* ਨਹੀਂ ਕਰਦੇ; ਪਰ ਉਨ੍ਹਾਂ ਨੂੰ ਇਨ੍ਹਾਂ ਤੋਂ *ਡਰ* ਵੀ ਨਹੀਂ ਲੱਗਦਾ। ਸਭ ਤੋਂ ਉੱਤਮ ਕੰਮ ਜੋ ਇਹ ਕੁਧਰਮੀ ਤ੍ਰੀਮੂਰਤੀ ਕਰ ਸਕਦੀ ਸੀ ਉਹ ਇਹ ਸੀ ਕਿ ਉਹ ਡੱਡੂਆਂ ਦੇ ਝੁੰਡ ਨੂੰ ਭਰਤੀ ਕਰਨ ਵਾਲਿਆਂ ਅਤੇ ਆਗੂਆਂ ਵਜੋਂ ਪੈਦਾ ਕਰ ਸਕਦੇ ਸੀ। ਇਹ ਇਸ ਗੱਲ ਦਾ ਪਹਿਲਾ ਸੰਕੇਤ ਸੀ ਕਿ ਉਹ ਯੁੱਧ ਜਿਸ ਦੀ ਅਜਗਰ ਅਤੇ ਉਸ ਦੀ ਟੋਲੀ ਨੇ ਯੋਜਨਾ ਬਣਾਈ ਸੀ ਇੱਕ

ਤਬਾਹੀ ਹੋਵੇਗੀ।

**ਆਇਤ 14.** ਦੂਜਾ ਸੰਕੇਤ ਕਿ ਉਨ੍ਹਾਂ ਦੀ ਫੌਜੀ ਮੁਹਿੰਮ ਅਸਫ਼ਲ ਹੋਣ ਜਾ ਰਹੀ ਸੀ ਇਹ ਸੀ ਕਿ ਚਾਪਲੂਸ ਤ੍ਰੀਮੂਰਤੀ ਇੱਕ ਬੇਵਕੂਫੀ ਵਾਲੀ ਯੋਜਨਾ ਨਾਲ ਯੁੱਧ ਲੜਨ ਲਈ ਅੱਗੇ ਆਈ। ਜਿਮ ਮੈਕਗਿਊਗਨ ਦੇ ਵਿਚਾਰ ਅਨੁਸਾਰ, ਆਤਮਾਵਾਂ ਨਾ ਸਿਰਫ ਅਸ਼ੁੱਧ ਸਨ, ਪਰ ਉਨ੍ਹਾਂ ਵਿੱਚ "ਸਮਝ ਦੀ ਵੀ ਕਮੀ ਸੀ।"[14] ਉਨ੍ਹਾਂ ਨੇ ਜੋ ਕੁਝ ਵੀ ਕੀਤਾ ਉਹ ਪਰਮੇਸ਼ੁਰ ਦੀਆਂ ਯੋਜਨਾਵਾਂ ਵਿੱਚ ਫਿੱਟ ਬੈਠਿਆ। ਅਗਲਾ ਅਧਿਆਇ ਪਰਗਟ ਕਰੇਗਾ ਕਿ ਧਰਤੀ ਦੇ ਰਾਜਿਆਂ ਸੰਬੰਧੀ, ਪਰਮੇਸ਼ੁਰ ਨੇ "ਓਹਨਾਂ ਦੇ ਦਿਲ ਵਿੱਚ ਇਹ ਪਾਇਆ ਭਈ *ਓਸ ਦੀ* ਮਨਸ਼ਾ ਪੂਰੀ ਕਰਨ" (17:17; ਜ਼ੋਰ ਦਿੱਤਾ ਗਿਆ ਹੈ)। ਸ਼ਤਾਨ ਦੀ ਯੁੱਧ ਕਰਨ ਦੀ ਯੋਜਨਾ ਨੂੰ ਸ਼ੁਰੂ ਤੋਂ ਹੀ ਨਾਸ ਕਰ ਦਿੱਤਾ ਗਿਆ ਸੀ। ਡੱਡੂ ਸ਼ੋਰ ਮਚਾਉਣ ਵਿੱਚ ਚੰਗੇ ਹੁੰਦੇ ਹਨ, ਪਰ ਉਹ ਹੋਰ ਕੁਝ ਨਹੀਂ ਕਰਦੇ। ਇਸ ਮੌਕੇ ਤੇ, ਉਨ੍ਹਾਂ ਨੇ ਬਹੁਤ ਹੱਲਾ-ਗੁੱਲਾ ਕੀਤਾ, ਪਰ ਇਸ ਦੀ ਨਤੀਜਾ ਛਟਾਂਕੀ ਵੀ ਨਹੀਂ ਨਿੱਕਲਿਆ।

ਆਇਤ 14, ਜਿਹੜੀ ਕਿ ਡੱਡੂਆਂ ਦੀ ਯੋਜਨਾ ਬਾਰੇ ਦੱਸਦੀ ਹੈ, ਉਨ੍ਹਾਂ ਬਾਰੇ ਵਰਣਨ ਕਰਦਿਆਂ ਸ਼ੁਰੂ ਹੁੰਦੀ ਹੈ: **ਕਿਉਂ ਜੋ ਏਹ ਨਿਸ਼ਾਨ ਵਿਖਾਉਣ ਵਾਲੇ ਭੂਤਾਂ ਦੇ ਆਤਮੇ ਹਨ।** ਕਿਉਂਕਿ **ਭੂਤ ਆਤਮੇ** *ਹਨ*, ਇਹ ਸੁਝਾਅ ਦਿੱਤਾ ਗਿਆ ਸੀ ਕਿ ਸਭ ਤੋਂ ਢੁਕਵਾਂ ਅਨੁਵਾਦ "ਭੂਤਾਂ ਦੇ ਆਤਮੇ" ਹੋ ਸਕਦਾ ਹੈ। Phillips ਬਾਈਬਲ ਵਿੱਚ "ਸ਼ਤਾਨੀ ਆਤਮਾਵਾਂ" ਹੈ।[15] **ਨਿਸ਼ਾਨ** ਸ਼ਾਇਦ ਉਹੀ "ਝੂਠੀਆਂ ਨਿਸ਼ਾਨੀਆਂ" (2 ਥੱਸਲੁਨੀਕੀਆਂ 2:9; NIV) ਜੋ ਝੂਠੇ ਨਬੀ ਦੁਆਰਾ ਵਿਖਾਈਆਂ ਗਈਆਂ ਸਨ (13:13-15 ਤੇ ਟਿੱਪਣੀਆਂ ਵੇਖੋ)।

ਡੱਡੂ ਜੇਹੇ ਆਤਮੇ **ਜਗਤ ਦਿਆਂ ਰਾਜਿਆਂ ਕੋਲ ਜਾਂਦੇ ਹਨ**। ਅਧਿਆਇ 17 ਉਸ ਪ੍ਰਭਾਵ ਤੇ ਜ਼ੋਰ ਦੇਵੇਗਾ ਜੋ ਰੋਮ ਦਾ ਜਗਤ ਦੇ ਦੂਜੇ ਹਾਕਮਾਂ ਉੱਤੇ ਸੀ (17:2, 12, 13)। ਅਸੀਂ ਤਕਰੀਬਨ ਡੱਡੂਆਂ ਨੂੰ ਉੱਛਲਦਿਆਂ, ਉਨ੍ਹਾਂ ਨੂੰ ਬਾਜੀ ਮਾਰਦਿਆਂ ਅਤੇ ਕਰਾਮਾਤਾਂ ਕਰਦਿਆਂ "ਰਾਜਿਆਂ ਦੇ ਕੰਨਾਂ ਵਿੱਚ ਜਿਹੜੇ ਉਨ੍ਹਾਂ ਨੂੰ ਸੁਣਦੇ ਸਨ ਆਪਣੇ ਮਾਲਕਾਂ ਦੀ ਮਹਾਨਤਾ ਬਾਰੇ" ਟੱਰ-ਟੱਰ ਕਰਦਿਆਂ ਵੇਖ ਸਕਦੇ ਹਾਂ।"[16]

ਉਨ੍ਹਾਂ ਦੀ ਯੋਜਨਾ **ਰਾਜਿਆਂ** ਨੂੰ ਅਤੇ ਉਨ੍ਹਾਂ ਦੀਆਂ ਫੌਜਾਂ ਨੂੰ **ਪਰਮੇਸ਼ੁਰ ਸਰਬ ਸ਼ਕਤੀਮਾਨ ਦੇ ਓਸ ਵੱਡੇ ਦਿਹਾੜੇ ਦੇ ਜੁੱਧ ਲਈ ਇਕੱਠਿਆਂ ਕਰਨਾ** ਸੀ। ਜਦੋਂ ਪ੍ਰਭੂ ਦੇ ਦੁਸ਼ਮਣਾਂ ਨੇ ਉਸ ਦਾ ਸਾਹਮਣਾ ਕਰਨ ਦੇ ਲਈ ਆਪਣੀਆਂ ਤਾਕਤਾਂ ਨੂੰ ਇਕੱਠਿਆਂ ਕੀਤਾ, ਉਨ੍ਹਾਂ ਨੂੰ ਇਹ ਅਹਿਸਾਸ ਨਹੀਂ ਹੋਇਆ ਕਿ ਸਭ ਕੁਝ ਜੋ ਉਹ ਕਰ ਰਹੇ ਸਨ ਪਰਮੇਸ਼ੁਰ ਦੀ ਸਮੁੱਚੀ ਯੋਜਨਾ ਵਿੱਚ ਫਿੱਟ ਬੈਠਦਾ ਸੀ। ਇਹ ਤੱਥ ਸਪੱਸ਼ਟ ਹੋ ਜਾਂਦਾ ਹੈ ਜਦੋਂ ਪਾਠਕ ਨੂੰ ਕਿਹਾ ਗਿਆ ਹੈ ਕਿ ਉਨ੍ਹਾਂ ਨੇ ਆਪਣੀ ਫੌਜ ਨੂੰ "ਪਰਮੇਸ਼ੁਰ ਸਰਬ ਸ਼ਕਤੀਮਾਨ ਦੇ ਓਸ ਵੱਡੇ ਦਿਹਾੜੇ ਦੇ ਜੁੱਧ ਲਈ" ਇਕੱਠਿਆਂ ਕੀਤਾ ਸੀ। ਉਨ੍ਹਾਂ ਨੇ ਸੋਚਿਆ ਸੀ ਕਿ ਇਹ *ਉਨ੍ਹਾਂ ਦਾ* ਜੁੱਧ ਸੀ, ਪਰ ਇਹ ਸੱਚਮੁੱਚ *ਪਰਮੇਸ਼ੁਰ ਦਾ* ਜੁੱਧ ਸੀ; ਪਰਮੇਸ਼ੁਰ ਨੇ ਸਮੇਂ ਨੂੰ ਆਪਣੇ ਵੱਸ ਵਿੱਚ ਕੀਤਾ ਸੀ।

**ਪਰਮੇਸ਼ੁਰ ਦਾ ਵੱਡਾ ਦਿਹਾੜਾ** ਉਸ ਦਿਨ ਦਾ ਹਵਾਲਾ ਦਿੰਦਾ ਹੈ ਜਿਸ ਦਿਨ ਉਹ ਨਿਆਂ ਕਰਨ ਲਈ ਆਵੇਗਾ (2 ਪਤਰਸ 3:12)। ਇਸ ਸੰਦਰਭ ਵਿੱਚ, "ਪਰਮੇਸ਼ੁਰ ਦਾ ਵੱਡਾ ਦਿਹਾੜਾ" ਨਿਆਂ ਦੇ ਆਖ਼ਰੀ ਦਿਨ ਦਾ ਹਵਾਲਾ ਦੇ ਸਕਦਾ ਹੈ ਅਤੇ ਪ੍ਰਭੂ ਦਾ "ਆਉਣਾ" (ਆਇਤ 15) ਉਸ ਦੀ ਦੂਜੀ ਆਮਦ ਦਾ ਹਵਾਲਾ ਨਹੀਂ ਦੇ ਸਕਦਾ, ਪਰ ਰੋਮ ਤੇ ਉਸ ਦੇ ਨਿਆਂ ਦਾ ਹਵਾਲਾ ਦਿੰਦਾ ਹੈ। ਫਿਰ ਵੀ, ਦੁਨਿਆਵੀ "ਆਉਣੇ" ਇੱਕ ਵਿਅਕਤੀ ਦੇ ਮਨ ਨੂੰ ਉਸ ਸਮੇਂ ਦੇ ਲਈ ਤਿਆਰ ਕਰਦੇ ਹਨ ਜਦੋਂ ਪ੍ਰਭੂ ਯੁੱਗ ਦੇ ਅੰਤ ਵਿੱਚ ਆਵੇਗਾ। ਆਇਤ 14 ਵਿੱਚ "ਵੱਡਾ ਦਿਹਾੜਾ" ਦਾ ਵਰਣਨ ਕਰਨ ਦੇ ਲਈ ਜੋ ਸ਼ਬਦਾਵਲੀ ਵਰਤੀ ਗਈ ਹੈ ਉਸ ਸੰਬੰਧੀ, ਮੌਰਿਸ ਨੇ ਲਿਖਿਆ,

> ਇਹ ਅੰਤ ਦੇ ਦਿਨ ਦਾ ਸਭ ਤੋਂ ਸ਼ਾਨਦਾਰ ਵਰਣਨ ਹੈ। *ਵੱਡਾ* ਦਿਹਾੜਾ ਇਸ ਨੂੰ ਛੋਟੇ ਦਿਹਾੜਿਆਂ ਤੋਂ ਅਲੱਗ ਕਰਦਾ ਹੈ। ਅਤੇ ਇਹ *ਪਰਮੇਸ਼ੁਰ ਦਾ* ਦਿਨ ਹੈ, ਨਾ ਕਿ ਮਨੁੱਖ ਦਾ। . . . ਇਹ ਰੱਬੀ ਉਦੇਸ਼ ਦੇ ਸਿਖਰ ਨਾਲ ਸੰਬੰਧਿਤ ਹੈ। ਅਤੇ *ਸਰਬ ਸ਼ਕਤੀਮਾਨ* ਸਾਨੂੰ ਚੇਤੇ ਕਰਾਉਂਦਾ ਹੈ ਕਿ ਪੂਰੀ ਉੱਤੇ ਧਰਤੀ ਸਾਰੀਆਂ ਸ਼ਕਤੀਆਂ ਵਿੱਚੋਂ ਪਰਮੇਸ਼ੁਰ ਦੀ ਸ਼ਕਤੀ ਸਰਬੋਤਮ ਹੈ।[17]

**ਆਇਤ 15.** ਡੱਡੂਆਂ ਦੀ ਭਰਤੀ ਕਰਨ ਦੀ ਮੁਹਿੰਮ ਦੇ ਅੱਧ ਵਿਚਾਲੇ, ਪ੍ਰਭੂ ਨੇ ਇੱਕ ਟਿੱਪਣੀ ਨਾਲ ਗੱਲ ਨੂੰ ਰੋਕ ਦਿੱਤਾ, ਜਿਹੜੀ ਕਿ ਇਨ੍ਹਾਂ ਸ਼ਬਦਾਂ ਨਾਲ ਸ਼ੁਰੂ ਹੋਈ, **ਵੇਖੋ, ਮੈਂ ਚੋਰ ਵਾਂਙੁ ਆਉਂਦਾ ਹਾਂ। ਚੋਰ ਵਾਂਙੁ** ਸ਼ਬਦ ਪ੍ਰਭੂ ਦੇ ਅਚਾਣਕ ਆਉਣ ਵੱਲ ਇਸ਼ਾਰਾ ਕਰਦੇ ਹਨ।

ਅਧਿਆਤਮਕ ਤੌਰ ਤੇ ਉਦਾਰਵਾਦੀ ਟਿੱਪਣੀਕਾਰ ਜਿਹੜੇ ਵਚਨ ਦੀ ਮੌਖਿਕ ਪ੍ਰੇਰਣਾ ਵਿੱਚ ਵਿਸ਼ਵਾਸ ਕਰਦੇ ਹਨ ਸ਼ਿਕਾਇਤ ਕਰਦੇ ਹਨ ਕਿ ਇਹ ਆਇਤ "ਗਲਤ ਥਾਂ ਤੇ" ਹੈ। ਕਿਉਂਕਿ ਇਹ ਆਇਤਾਂ 13, 14 ਅਤੇ 16 ਦੇ ਵਿਚਾਰ ਦੀ ਧਾਰਾ ਦੀ ਵਿਆਖਿਆ ਕਰਦੀ ਹੈ, ਉਹ ਇਸ ਆਇਤ ਨੂੰ ਮੂਲ ਲਿਖਤ ਵਿੱਚ ਕਿਸੇ ਹੋਰ ਥਾਂ ਤੇ ਲਿਜਾਣ ਜਾਂ ਸਗੋਂ ਇਸ ਨੂੰ ਇੱਥੋਂ ਹਟਾਉਣ ਤੋਂ ਵੀ ਨਹੀਂ ਝਿੱਜਕਦੇ। ਫਿਰ ਵੀ, ਪਵਿੱਤਰ ਆਤਮਾ ਇਸ ਕਥਨ ਨੂੰ ਜਿੱਥੇ ਚਾਹੁੰਦਾ ਹੈ ਉੱਥੇ ਰੱਖਦਾ ਹੈ ਅਤੇ ਇਹ ਉਸ ਥਾਂ ਤੇ ਬਿਲਕੁਲ ਫਿੱਟ ਬੈਠਦੀ ਹੈ। ਇਸ ਤੇ ਵਿਚਾਰ ਕਰੋ: ਸ਼ਤਾਨ ਦੀਆਂ ਸਾਰੀਆਂ ਤਾਕਤਾਂ ਦਾ ਇੱਕ ਥਾਂ ਤੇ ਇਕੱਠੇ ਹੋਣ ਦੇ ਵਿਚਾਰ (ਆਇਤਾਂ 13, 14) ਨੇ ਯੂਹੰਨਾ ਨੇ ਪਾਠਕਾਂ ਨੂੰ ਸਾਵਧਾਨ ਕਰ ਦਿੱਤਾ ਹੋਵੇਗਾ। ਇਸ ਤਰ੍ਹਾਂ ਯਿਸੂ ਉਨ੍ਹਾਂ ਨੂੰ ਮੁੜ ਭਰੋਸਾ ਦੇਣ ਅਤੇ ਉਨ੍ਹਾਂ ਨੂੰ ਇਹ ਦੱਸਣ ਲਈ ਰੁਕਿਆ ਕਿ ਮੈਂ ਤੁਹਾਡੇ ਦੁਸ਼ਮਣਾਂ ਨੂੰ ਤਬਾਹ ਕਰਨ ਆ ਰਿਹਾ ਹਾਂ। ਯਿਸੂ ਦੀ ਜਿੱਤ ਦਾ ਅਰਥ ਉਸ ਦੇ ਆਉਣ ਦੇ ਕਥਨ ਵਿੱਚ ਹੈ।

ਯਿਸੂ ਨੇ ਉਹ ਕਿਹਾ ਸੀ ਜੋ *ਉਹ* ਸਮੱਸਿਆ ਨੂੰ ਹੱਲ ਕਰਨ ਦੇ ਲਈ ਕਰੇਗਾ: ਉਹ "ਆਵੇਗਾ।" ਉਸ ਨੇ ਮਸੀਹੀ ਲੋਕਾਂ ਨੂੰ ਉਹ ਵੀ ਦੱਸਿਆ ਜੋ *ਉਨ੍ਹਾਂ ਨੂੰ* ਕਰਦੇ ਰਹਿਣਾ ਚਾਹੀਦਾ ਹੈ: **ਧੰਨ ਓਹ ਜਿਹੜਾ ਜਾਗਦਾ ਰਹਿੰਦਾ ਅਤੇ ਆਪਣੇ ਬਸਤਰ ਦੀ ਚੌਕਸੀ ਕਰਦਾ ਹੈ**। ਮਸੀਹ ਦੇ ਚੇਲਿਆਂ ਨੂੰ ਆਤਮਿਕ ਤੌਰ ਤੇ "ਜਾਗਦੇ ਰਹਿਣ" ਦੀ ਲੋੜ ਅਤੇ ਉਨ੍ਹਾਂ ਨੂੰ ਆਤਮਿਕ ਤੌਰ ਤੇ "ਬਸਤਰ ਦੀ ਚੌਕਸੀ" ਕਰਨ ਦੀ ਲੋੜ ਹੈ। **ਧੰਨ** ਸ਼ਬਦ ਪਰਕਾਸ਼ ਦੀ ਪੋਥੀ ਵਿੱਚ ਤੀਜੀ ਮੁਬਾਰਕਬਾਦੀ ਨੂੰ ਪੇਸ਼ ਕਰਦਾ ਹੈ (1:3; 14:13; 16:15; 19:9; 20:6; 22:7, 14)।

ਇਹੋ ਜਿਹੀਆਂ ਹੀ ਚੁਣੌਤੀਆਂ ਸੱਤ ਕਲੀਸੀਆਵਾਂ ਨੂੰ ਲਿਖੇ ਗਏ ਪੱਤਰਾਂ ਵਿੱਚ ਦਿੱਤੀਆਂ ਗਈਆਂ ਸਨ: ਸਾਰਦੀਸ ਦੀ ਕਲੀਸੀਆ ਨੂੰ ਯਿਸੂ ਨੇ ਕਿਹਾ ਸੀ "ਚੌਕਸ ਹੋ ਜਾਹ ਅਤੇ ਜੋ ਕੁਝ ਰਹਿ ਗਿਆ ਹੈ . . . ਪੱਕਿਆਂ ਕਰ . . . ਜੇ ਤੂੰ ਨਾ ਜਾਗਿਆ ਤਾਂ ਮੈਂ ਚੋਰ ਵਾਂਙੁ ਆਵਾਂਗਾ ਅਤੇ ਤੈਨੂੰ ਮੂਲੋਂ ਪਤਾ ਨਾ ਹੋਵੇਗਾ ਜੋ ਮੈਂ ਤੇਰੇ ਉੱਪਰ ਕਿਹੜੀ ਘੜੀ ਆ ਪਵਾਂਗਾ" (3:2, 3)। ਲਾਉਦਿਕੀਏ ਦੀ ਕਲੀਸੀਆਂ ਨੂੰ ਉਸ ਨੇ ਕਿਹਾ, "ਮੈਂ ਤੈਨੂੰ ਸਲਾਹ ਦਿੰਦਾ ਹਾਂ ਭਈ . . . ਮੇਰੇ ਕੋਲੋਂ ਮੁੱਲ ਲੈ . . . ਚਿੱਟੇ ਬਸਤਰ ਲੈ ਤਾਂ ਜੋ ਤੂੰ ਆਪਣੇ ਉਦਾਲੇ ਪਾਵੇਂ ਅਤੇ ਤੇਰੇ ਨੰਗੇਜ ਦੀ ਲੱਜਾ ਪਰਗਟ ਨਾ ਹੋਵੇ" (3:18)।

ਆਤਮਿਕ ਤੌਰ ਤੇ "ਬਸਤਰ ਦੀ ਚੌਕਸੀ ਕਰਨ" ਦਾ ਕਾਰਣ ਇਹ ਸੀ ਕਿ ਮਸੀਹੀ ਵਿਅਕਤੀ **ਨੰਗਾ ਨਾ ਫਿਰੇ** ਅਤੇ ਲੋਕ **ਉਹ ਦੀ ਸ਼ਰਮ ਨਾ ਵੇਖਣ**। ਬਹੁਤ ਸਾਰੇ ਟਿੱਪਣੀਕਾਰ ਇਸ ਤੱਥ ਦਾ ਜ਼ਿਕਰ ਕਰਦੇ ਹਨ ਕਿ ਜਦੋਂ ਸਿਪਾਹੀਆਂ ਨੂੰ ਯੁੱਧ ਵਿੱਚ ਫੜ ਲਿਆ ਜਾਂਦਾ ਸੀ, ਉਨ੍ਹਾਂ ਦੇ ਬਸਤਰ ਅਕਸਰ ਪਾੜ ਦਿੱਤੇ ਜਾਂਦੇ ਸਨ ਅਤੇ ਉਨ੍ਹਾਂ ਨੂੰ ਸ਼ਰਮਿੰਦਾ ਕਰਨ ਦੇ ਲਈ ਸਾਰੇ ਲੋਕਾਂ ਦੇ ਸਾਹਮਣੇ ਨੰਗਾ ਘੁੰਮਾਇਆ ਜਾਂਦਾ ਸੀ। ਕੁਝ ਲੇਖਕ ਇਹ ਵੀ ਜ਼ਿਕਰ ਕਰਦੇ ਹਨ ਕਿ

ਜਦੋਂ ਕੋਈ ਲੇਵੀ ਪਹਿਰੇਦਾਰ ਸੁੱਤਾ ਪਾਇਆ ਜਾਂਦਾ ਸੀ, ਉਸ ਦੇ ਬਸਤਰ ਨੂੰ ਹੈਕਲ ਦੇ ਅਧਿਕਾਰੀ ਦੁਆਰਾ ਅੱਗ ਲਾ ਦਿੱਤੀ ਜਾਂਦੀ ਸੀ। ਅਗਲੀ ਸਵੇਰ ਨੂੰ ਉਸ ਦਾ ਬਸਤਰ ਜੋ ਸੜ ਕੇ ਛੋਟਾ ਹੋ ਜਾਂਦਾ ਸੀ ਹਰੇਕ ਨੂੰ ਦਿਖਾਇਆ ਜਾਂਦਾ ਸੀ ਕਿ ਉਸ ਨੇ ਆਪਣੀ ਡਿਊਟੀ ਵਿੱਚ ਲਾਪਰਵਾਹੀ ਵਰਤੀ ਸੀ। ਸ਼ਾਇਦ, ਅਲੰਕਾਰ ਦਾ ਅਰਥ ਇਨ੍ਹਾਂ ਦੋਵਾਂ ਨਾਲੋਂ ਜ਼ਿਆਦਾ ਸਧਾਰਣ ਹੈ। ਇਹ ਤਸਵੀਰ ਸ਼ਾਇਦ ਕਿਸੇ ਅਜਿਹੇ ਵਿਅਕਤੀ ਦੀ ਹੈ ਜਿਸ ਨੇ ਆਪਣੇ ਬਸਤਰ ਉਤਾਰੇ ਅਤੇ ਸੌਣ ਲਈ ਬਿਸਤਰ ਤੇ ਚਲਾ ਗਿਆ। ਜਦੋਂ ਉਹ ਅੱਗ ਲੱਗਣ ਜਾਂ ਕਿਸੇ ਹੋਰ ਬਿਪਤਾ ਦੇ ਕਾਰਣ ਜਾਗਦਾ ਸੀ, ਤਾਂ ਉਸ ਦੇ ਕੋਲ ਭੱਜਣ ਤੋਂ ਪਹਿਲਾਂ ਬਸਤਰ ਪਹਿਨਣ ਦਾ ਸਮਾਂ ਨਹੀਂ ਸੀ ਹੁੰਦਾ।

ਪਰਕਾਸ਼ ਦੀ ਪੋਥੀ 16:15 ਵਿੱਚ, "ਜਾਗਦਾ ਰਹਿੰਦਾ" (γρηγορῶν, *ਗਰੀਗੋਰੋਨ*, γρηγορέω, *ਗਰੀਗੋਰੀਓ* ਤੋਂ) ਅਤੇ "ਚੌਕਸੀ ਕਰਦਾ" (τηρῶν, *ਟੀਰੋਨ*, τηρέω, *ਟੀਰੀਓ* ਤੋਂ) ਵਰਤਮਾਨ ਵਾਕ ਵਿੱਚ ਹਨ ਜੋ ਲਗਾਤਾਰ ਕੀਤੇ ਜਾਣ ਵਾਲੇ ਕੰਮ ਵੱਲ ਇਸ਼ਾਰਾ ਕਰ ਰਹੇ ਹਨ। ਜੇਕਰ ਮਸੀਹੀ ਲੋਕ ਪ੍ਰਭੂ ਦੀ ਦੂਜੀ ਆਮਦ ਦੇ ਲਈ ਤਿਆਰ ਰਹਿਣਾ ਚਾਹੁੰਦੇ ਹਨ, ਉਨ੍ਹਾਂ ਨੂੰ ਲਗਾਤਾਰ *ਨਿੱਤ* ਚੌਕਸ ਰਹਿਣਾ ਚਾਹੀਦਾ ਹੈ। ਪ੍ਰਭੂ ਦੀ ਦੋਹਰੀ ਚੁਣੌਤੀ ਦਾ ਸੰਦੇਸ਼ ਸਪੱਸ਼ਟ ਹੈ: ਹਰ ਸਮੇਂ ਤਿਆਰ ਰਹੋ (ਮੱਤੀ 25:1-13 ਵੇਖੋ)।

**ਆਇਤ 16.** ਆਖ਼ਰੀ ਸੰਕੇਤ ਕਿ ਯੁੱਧ ਬਰਬਾਦੀ ਸੀ ਆਇਤ 16 ਵਿੱਚ ਮਿਲਦਾ ਹੈ: **ਅਤੇ ਉਨ੍ਹਾਂ ਨੇ ਉਸ ਥਾਂ ਓਹਨਾਂ ਨੂੰ ਇਕੱਠਿਆਂ ਕੀਤਾ ਜਿਹੜਾ ਇਬਰਾਨੀ ਭਾਖਿਆ ਵਿੱਚ ਹਰਮਿੱਗਦੋਨ ਕਰਕੇ ਸਦਾਉਂਦਾ ਹੈ। ਹਰਮਿੱਗਦੋਨ** (Ἁρμαγεδών) ਦੇ ਸਪੈਲਿੰਗ (ਸ਼ਬਦ-ਜੋੜ) ਬਾਰੇ ਸਾਰੇ ਸਵਾਲ ਉੱਠਦੇ ਹਨ। ਉਨ੍ਹਾਂ ਕਈ ਸਵਾਲਾਂ ਵਿੱਚੋਂ ਇੱਕ ਸਵਾਲ ਹੈ ਇਸ ਸ਼ਬਦ ਦੇ ਬੋਲਣ ਵਿੱਚ ਠਹਿਰਾਵ। ਕੁਝ ਹੱਥਲਿਖਤਾਂ ਵਿੱਚ ਇਸ ਨਾਮ ਦੀ ਪਹਿਲੀ "ਅ" ਉੱਤੇ ਛੋਟਾ ਜਿਹਾ (') ਠਹਿਰਾਵ ਚਿੰਨ੍ਹ ਹੈ (ਜੋ ਕਿ ਇਸ ਦੇ ਉਚਾਰਨ ਨੂੰ ਪ੍ਰਭਾਵਿਤ ਨਹੀਂ ਕਰਦਾ) ਅਤੇ ਇਸ ਤਰ੍ਹਾਂ ਉਸ ਵਿੱਚ "ਅਰਮਿੱਗਦੋਨ" ਹੈ। ਹੋਰਨਾਂ ਵਿੱਚ "ਅ" ਉੱਤੇ ਮਾੜਾ ਜਿਹਾ (') ਠਹਿਰਾਵ ਚਿੰਨ੍ਹ ਹੈ (ਜੋ ਇਸ ਨੂੰ "ਹ" ਦੀ ਅਵਾਜ਼ ਦਿੰਦਾ ਹੈ), ਇਸ ਲਈ ਉਹ ਇਸ ਨਾਮ ਨੂੰ "ਹਰਮਿੱਗਦੋਨ" ਕਹਿੰਦੇ ਹਨ।

ਇਸ ਸ਼ਬਦ ਦੇ ਅਰਥ ਸੰਬੰਧੀ ਵੀ ਕੁਝ ਸਵਾਲ ਹਨ। "ਹਰਮਿੱਗਦੋਨ" ਸ਼ਬਦ ਦੇ ਸਪੈਲਿੰਗ (ਅੱਖਰ-ਜੋੜ) ਅਤੇ ਅਰਥ ਦੋਹਾਂ ਸੰਬੰਧੀ ਇੱਕ ਸਮੱਸਿਆ ਹੈ ਇਹ ਹੈ ਕਿ ਇਹ ਸ਼ਬਦ ਵਚਨ ਵਿੱਚ ਹੋਰ ਕਿਤੇ ਨਹੀਂ ਆਉਂਦਾ ਅਤੇ ਸਿਰਫ ਪਰਕਾਸ਼ ਦੀ ਪੋਥੀ ਵਿੱਚ ਇੱਕੋ ਵਾਰ ਆਉਂਦਾ ਹੈ। "ਅਰਮਿੱਗਦੋਨ" (ਮਾੜੇ ਜਿਹੇ ਠਹਿਰਾਵ ਤੋਂ ਬਿਨਾਂ) ਦੇ ਕਈ ਅਰਥ ਹੋ ਸਕਦੇ ਸਨ, ਜਿਨ੍ਹਾਂ ਵਿੱਚ "ਮਗਿੱਦੋ ਦਾ ਸ਼ਹਿਰ" ਵੀ ਸ਼ਾਮਲ ਸੀ। ਫਿਰ ਵੀ, ਜ਼ਿਆਦਾਤਰ ਵਿਦਵਾਨਾਂ ਦਾ ਮੰਨਣਾ ਹੈ ਕਿ "ਹਰ-ਮਿੱਗਦੋਨ" ਸਪੈਲਿੰਗ ਸਹੀ ਸਨ। ਕਿਉਂਕਿ הַר (*ਹਰ*) "ਪਹਾੜ" ਦੇ ਲਈ ਵਰਤਿਆ ਜਾਣ ਵਾਲਾ **ਇਬਰਾਨੀ** ਸ਼ਬਦ ਹੈ, ਉਹ ਇਹ ਸਿੱਟਾ ਕੱਢਦੇ ਹਨ ਕਿ ਇਸ ਨਾਮ ਦਾ ਅਰਥ "ਮਗਿੱਦੋ ਪਹਾੜ" ਹੈ।

"ਮਗਿੱਦੋ" (מְגִדּוֹ) ਸ਼ਬਦ ਸੰਬੰਧੀ ਕੁਝ ਸ਼ੁਰੂਆਤੀ ਟਿੱਪਣੀਆਂ ਤਰਤੀਬਵਾਰ ਹਨ। ਪੁਰਾਣੇ ਨੇਮ ਵਿੱਚ ਮਗਿੱਦੋ ਦਾ ਜ਼ਿਕਰ ਗਿਆਰਾਂ ਵਾਰ ਕੀਤਾ ਗਿਆ ਹੈ (ਯਹੋਸ਼ੁਆ 12:21; 17:11; ਨਿਆਈਆਂ 1:27; 5:19; 1 ਰਾਜਿਆਂ 4:12; 9:15; 2 ਰਾਜਿਆਂ 9:27; 23:29, 30; 1 ਇਤਹਾਸ 7:29; 2 ਇਤਹਾਸ 35:22; ਜ਼ਕਰਯਾਹ 12:11)। ਮਗਿੱਦੋ ਸ਼ਹਿਰ ਉੱਤਰੀ ਫ਼ਲਿਸਤੀਨ ਵਿੱਚ, ਯਰੂਸ਼ਲਮ ਦੇ ਉੱਤਰ ਵੱਲ ਸੱਠ ਮੀਲ ਅਤੇ ਗਲੀਲ ਦੀ ਝੀਲ ਦੇ ਦੱਖਣੀ-ਪੱਛਮ ਵੱਲ ਪੰਝੀ ਮੀਲ ਤੇ ਸਥਿਤ ਸੀ। ਇਸ ਨਾਮ ਦੇ ਸਹੀ ਅਰਥ ਤੇ ਕਾਫੀ ਵਿਵਾਦ ਹੋ ਚੁੱਕਾ

ਹੈ। ਕਈਆਂ ਦਾ ਸੋਚਣਾ ਹੈ ਕਿ ਇਸ ਸ਼ਬਦ ਦਾ ਅਰਥ "ਫੌਜਾਂ ਦੀ ਥਾਂ" ਜਾਂ "ਹੱਤਿਆ ਦੀ ਥਾਂ" ਸੀ। ਮਗਿੱਦੋ ਤੋਂ ਉੱਤਰ-ਪੂਰਬ ਵਾਲਾ ਵੱਡਾ ਮੈਦਾਨੀ ਇਲਾਕੀ ਫੈਲਿਆ ਹੋਇਆ ਸੀ ਜੋ ਕਿ ਚੌਦਾਂ ਮੀਲ ਚੌੜਾ ਅਤੇ ਵੀਹ ਮੀਲ ਲੰਬਾ ਸੀ। ਮਗਿੱਦੋ ਸ਼ਹਿਰ ਦਾ ਨਾਮ ਇਸ ਨੂੰ ਇਸ ਦੇ ਸਭ ਤੋਂ ਨੇੜੇ ਦੇ ਮੈਦਾਨੀ ਇਲਾਕੇ ਨੇ ਦਿੱਤਾ ਸੀ। ਇਸ ਵਿਸ਼ਾਲ ਅਤੇ ਖੁੱਲ੍ਹੇ ਇਲਾਕੇ ਵਿੱਚ ਯਿਜ਼ਰਏਲ ਦੀ ਵਾਦੀ (ਐਸਡਰਾਲੋਨ) ਸਮੇਤ ਕਈ ਪ੍ਰਸਿੱਧ ਥਾਵਾਂ ਸ਼ਾਮਲ ਸਨ।

ਸ਼ਹਿਰ ਦੇ ਆਲੇ-ਦੁਆਲੇ ਦੇ ਇਲਾਕੇ ਦੀ "ਵੱਡੀ ਰਾਜਨੀਤਿਕ ਮਹੱਤਤਾ" ਸੀ, ਕਿਉਂਕਿ ਇਹ ਪਹਾੜਾਂ ਅਤੇ ਸ਼ਰੋਨ ਅਤੇ ਐਸਡਰਾਲੋਨ ਦੇ ਮੈਦਾਨੀ ਇਲਾਕਿਆਂ ਵਿੱਚੋਂ ਦੀ ਲੰਘਣ ਦਾ ਅਧਿਕਾਰ ਦਿੰਦਾ ਸੀ।"[18] ਉਸ ਥਾ ਵਿੱਚ, ਹਮਲਾਵਰਾਂ ਦਾ ਸਾਹਮਣਾ ਕੀਤਾ ਜਾ ਸਕਦਾ ਸੀ। ਮਗਿੱਦੋ ਦੇ ਮੈਦਾਨੀ ਇਲਾਕਿਆਂ ਤੇ ਬਹੁਤ ਸਾਰੇ ਨਿਰਣਾਇਕ ਯੁੱਧ ਲੜੇ ਗਏ ਸਨ। ਇੱਕ ਇਤਹਾਸਕਾਰ ਨੇ ਲਿਖਿਆ, "ਮਗਿੱਦੋ ਦੇ ਆਲੇ-ਦੁਆਲੇ ਇਹ ਨੀਵੀਆਂ ਪਹਾੜੀਆਂ ਐਸਡਰਾਲੋਨ ਦੇ ਮੈਦਾਨੀ ਇਲਾਕਾ ਸ਼ਾਇਦ ਇੰਨੇ ਜ਼ਿਆਦਾ ਖੂਨ ਖਰਾਬੇ ਦਾ ਚਸ਼ਮਦੀਦ ਗਵਾਹ ਸੀ ਜਿੰਨਾ ਖੂਨ ਸੰਸਾਰ ਦੀ ਹੋਰ ਕਿਸੇ ਸਤ੍ਹਾ ਜਾਂ ਇਲਾਕੇ ਨੇ ਕਦੇ ਵਹਿੰਦਾ ਨਹੀਂ ਸੀ ਵੇਖਿਆ।"[19] ਇਨ੍ਹਾਂ ਵਿੱਚੋਂ ਕੁਝ ਲੜਾਈਆਂ ਬਾਰੇ ਵਚਨ ਵਿੱਚ ਵੀ ਦਰਜ਼ ਹੈ। ਇਸ ਇਲਾਕੇ ਵਿੱਚ, ਗਿਦਾਊਨ ਅਤੇ ਉਸ ਦੇ ਤਿੰਨ ਸੌ ਮਨੁੱਖਾਂ ਨੇ ਮਿਦਯਾਨੀਆਂ ਨੂੰ ਹਰਾਇਆ ਸੀ (ਨਿਆਈਆਂ 7:1-22), ਸ਼ਾਊਲ ਰਾਜਾ ਨੇ ਫਲਿਸਤੀਆਂ ਨੂੰ ਹਰਾਇਆ ਸੀ (1 ਸਮੂਏਲ 31:1-6) ਅਤੇ ਅਹਜ਼ਯਾਹ ਰਾਜਾ ਯੇਹੂ ਦੇ ਤੀਰਾਂ ਨਾਲ ਮਰਿਆ (2 ਰਾਜਿਆਂ 9:27)।

ਮਗਿੱਦੋ ਵਿੱਚ ਲੜੀਆਂ ਗਈਆਂ ਦੋ ਹੋਰ ਲੜਾਈਆਂ ਦਾ ਯਹੂਦੀ ਲੋਕਾਂ ਦੇ ਲਈ ਇੱਕ ਖ਼ਾਸ ਮਹੱਤਵ ਸੀ: ਇੱਕ "ਮਗਿੱਦੋ ਦੇ ਪਾਣੀਆਂ ਕੋਲ" (ਨਿਆਈਆਂ 5:19) ਕਨਾਨ ਦੇ ਰਾਜਾ ਯਾਬੀਨ ਦੀਆਂ ਫੌਜਾਂ ਉੱਤੇ ਬਾਰਾਕ ਅਤੇ ਦਬੋਰਾਹ ਦੀ ਵੱਡੀ ਜਿੱਤ ਸੀ (ਨਿਆਈਆਂ 4; 5)। ਦੂਜੀ ਫ਼ਿਰਊਨ ਨਕੋਹ ਦੇ ਵਿਰੁੱਧ ਲੜਾਈ ਸੀ, ਜਿਸ ਵਿੱਚ ਯੋਸੀਯਾਹ ਰਾਜਾ ਮਾਰਿਆ ਗਿਆ (2 ਰਾਜਿਆਂ 23:29, 30; 2 ਇਤਹਾਸ 35:22-24)। "ਇਨ੍ਹਾਂ ਘਟਨਾਵਾਂ ਵਿੱਚੋਂ ਆਖ਼ਰੀ ਘਟਨਾ ਯਹੂਦੀ ਲੋਕਾਂ ਦੀ ਯਾਦਾਸ਼ਤ ਵਿੱਚ ਸੜ ਗਈ ਅਤੇ ਉਸ ਤੋਂ ਕਾਫੀ ਸਮੇਂ ਬਾਅਦ ਮਗਿੱਦੋ ਦੀ ਵਾਦੀ ਵਿੱਚ ਯੋਸੀਯਾਹ ਲਈ ਸੋਗ ਦਾ ਰਾਸ਼ਟਰੀ ਦੁਖ ਦੇ ਇੱਕ ਖ਼ਾਸ ਉਦਾਹਰਣ ਵਜੋਂ ਹਵਾਲਾ ਦਿੱਤਾ ਗਿਆ ਸੀ [ਜ਼ਕਰਯਾਹ 12:11]।"[20]

ਇਸ ਵਿੱਚ ਮਗਿੱਦੋ ਸ਼ਹਿਰ ਦਾ ਕੁਝ ਪਿਛੋਕੜ ਆਉਂਦਾ ਹੈ, ਪਰ "ਮਗਿੱਦੋ *ਪਹਾੜ*" ਦੇ ਵਿਸ਼ੇ ਵਿਚ ਕੀ ਹੈ? ਐਲਬਰਟ ਬਾਲਡਿੰਗਰ ਨੇ ਲਿਖਿਆ, "ਫਲਿਸਤੀਨ ਦੇ ਪ੍ਰਾਚੀਨ ਨਕਸ਼ੇ ਉੱਤੇ ਜਾ ਕੇ ਹਰਮਗਿੱਦੋਨ ਨੂੰ ਲੱਭੋ; ਅਸਲ ਵਿਚ ਇਹ ਤੁਹਾਨੂੰ ਉੱਥੇ ਬਿਲਕੁਲ ਵੀ ਨਹੀਂ ਮਿਲੇਗਾ। ਇਹ ਉੱਥੇ ਨਹੀਂ ਹੈ।"[21] ਜਿਵੇਂ ਪਹਿਲਾਂ ਦੱਸਿਆ ਗਿਆ ਸੀ, ਕਿ ਜ਼ਿਆਦਾਤਰ ਵਿਦਵਾਨ ਇਸ ਗੱਲ ਦੇ ਨਾਲ ਸਹਿਮਤ ਹਨ ਕਿ "ਹਰਮਗਿੱਦੋਨ" ("ਹਰਮਗਿੱਦੋਨ," KJV) ਦਾ ਅਰਥ ਹੈ "ਮਗਿੱਦੋ ਦਾ ਪਹਾੜ।" "ਪਰ, ਇਸ ਵਿਚ ਇਹ ਮੁਸ਼ਕਲ ਹੈ," "ਜਿਵੇਂ ਬਰੂਸ ਮੇਟਜ਼ਰ ਨੇ ਕਿਹਾ ਹੈ ਕਿ ਉੱਥੇ ਕੋਈ 'ਮਗਿੱਦੋ ਦਾ ਪਹਾੜ ਨਹੀਂ ਹੈ।'"[22] ਆਮ ਤੌਰ ਤੇ ਵਿਦਵਾਨ ਇਸ ਗੱਲ ਦੇ ਨਾਲ ਸਹਿਮਤ ਹੁੰਦੇ ਹਨ ਕਿ ਦੁਨੀਆਂ ਵਿਚ ਕੋਈ ਅਜਿਹਾ ਸਥਾਨ ਨਹੀਂ ਹੈ ਜਿਸ ਨੂੰ ਮਗਿੱਦੋ ਪਹਾੜ ਕਿਹਾ ਜਾਂਦਾ ਹੈ।

> ਪਵਿੱਤਰ ਬਾਈਬਲ ਭੂਗੋਲਿਕ ਤੌਰ ਤੇ "ਮਗਿੱਦੋ ਅਤੇ ਇਸ ਦੀਆਂ ਤਿੰਨ ਉਚਾਈਆਂ ਦੇ ਵਿਸ਼ੇ ਵਿਚ ਬੋਲਦੀ ਹੈ" (ਯਹੋਸ਼ੁਆ 17:11), "ਮਗਿੱਦੋ ਅਤੇ ਉਸ ਦੇ ਪਿੰਡ" (ਨਿਆਈਆਂ 1:27), "ਮਗਿੱਦੋ ਦੇ ਪਾਣੀਆਂ" (ਨਿਆਈਆਂ 5:19), ਅਤੇ "ਮਗਿੱਦੋ ਦੀ ਵਾਦੀ" (2 ਇਤਿਹਾਸ

35:22; ਜ਼ਕਰਯਾਹ 12:11), ਪਰ ਕੋਈ ਵੀ ਮਗਿੱਦੋ ਦੇ ਪਹਾੜ ਦਾ ਉਲੇਖ ਨਹੀਂ ਹੈ।[23]

ਜਦਕਿ ਪੁਰਾਣੇ ਨੇਮ ਵਿਚ ਮਗਿੱਦੋ ਦੇ ਵਿਸ਼ੇ ਵਿੱਚ ਕਹਿਣ ਦੇ ਲਈ ਬਹੁਤ ਕੁਝ ਹੈ, ਪਰ ਇਸ ਵਿੱਚ ਮਗਿੱਦੋ ਪਰਬਤ ਦੇ ਵਿਸ਼ੇ ਵਿਚ ਕੁਝ ਵੀ ਨਹੀਂ ਕਿਹਾ ਗਿਆ ਹੈ। ਇਹ ਸ਼ਹਿਰ ਇੱਕ "ਟੇਲ" ਜਾਂ ਛੋਟੀ ਪਹਾੜੀ ਉੱਤੇ ਬਣਾਇਆ ਗਿਆ ਸੀ, ਅਤੇ ਕੁਝ ਲੋਕ ਸੋਚਦੇ ਹਨ ਕਿ ਲੱਛਣ ਨੇ "ਹਰਮਗਿੱਦੋਨ" ਸ਼ਬਦ ਨੂੰ ਪ੍ਰੇਰਿਤ ਕੀਤਾ। ਜ਼ਿਆਦਾਤਰ ਲੇਖਕ ਮੰਨਦੇ ਹਨ *ਹਰ* ਇੱਕ ਅਸਲੀ ਪਹਾੜ ਨੂੰ ਦਰਸਾਉਂਦਾ ਹੈ – ਅਤੇ ਇਹ ਉਨ੍ਹਾਂ ਨੂੰ ਪਰੇਸ਼ਾਨ ਕਰਦਾ ਹੈ:

> ਸਮੱਸਿਆ ਇਹ ਹੈ ਕਿ ਮਗਿੱਦੋ ਇੱਕ ਪਹਾੜ ਨਹੀਂ ਹੈ, ਪਰ ਇਹ ਗਲੀਲ ਦੇ ਸਾਗਰ ਅਤੇ ਭੂ-ਮੱਧ ਸਾਗਰ ਦੇ ਵਿਚਕਾਰ ਇੱਕ ਮੈਦਾਨ ਹੈ ਜੋ ਯਿਜ਼ਰੇਲ ਦੀ ਘਾਟੀ ਦਾ ਇੱਕ ਹਿੱਸਾ ਹਨ (ਐਸਦਰਾਲਿਓਨ)।[24]
>
> . . . ਇੱਥੇ ਇੱਕ ਮੁਸ਼ਕਲ ਆਉਂਦੀ ਹੈ: ਇੱਥੇ ਕੋਈ ਮਗਿੱਦੋ ਪਹਾੜ ਨਹੀਂ ਹੈ।[25]
>
> . . . ਬਦਕਿਸਮਤੀ ਦੇ ਨਾਲ ਇੱਥੇ ਕੋਈ ਵੀ ਪਹਾੜ ਦਿਖਾਈ ਨਹੀਂ ਦਿੰਦਾ ਹੈ ਜਿਸ ਨੂੰ "ਮਗਿੱਦੋ ਪਹਾੜ ਕਿਹਾ ਜਾਂਦਾ ਹੈ।"[26]
>
> ਇਹ ਛੋਟਾ ਸ਼ਹਿਰ ਇਸਰਾਈਲ ਦੇ ਏਸਡ੍ਰਾਏਲੋਨ ਦੇ ਮੈਦਾਨ ਵਿੱਚ ਹੈ, ਅਤੇ ਇਸ ਵਿੱਚ ਕੋਈ ਪਹਾੜ ਨਹੀਂ ਹੈ।[27]
>
> ਪਰ ਮਗਿੱਦੋ ਦੇ ਨੇੜੇ ਕੋਈ ਪਹਾੜ ਨਹੀਂ ਹੈ . . . ।[28]

ਆਮ ਖੇਤਰ ਵਿੱਚ ਕੁਝ ਪ੍ਰਕ੍ਰਿਤਿਕ ਸੁਵਿਧਾ ਦੇ ਲਈ "ਮਗਿੱਦੋ ਦੇ ਪਹਾੜ" ਲੇਬਲ ਨੂੰ ਮਨ ਚਾਹੇ ਢੰਗ ਦੇ ਨਾਲ ਜੋੜ ਕੇ ਇਸ ਮੁਸ਼ਕਲ ਨੂੰ ਹੱਲ ਕਰਨ ਦੀ ਬਜਾਇ ਇੱਕ ਸਧਾਰਣ ਹੱਲ ਇਹ ਹੈ ਕਿ ਪਵਿੱਤਰ ਆਤਮਾ ਦਾ ਉਦੇਸ਼ ਭੂਗੋਲਿਕ ਸਥਿਤੀ ਦਾ ਪਤਾ ਲਗਾਉਣਾ ਨਹੀਂ ਸੀ ਸਗੋਂ *ਇੱਕ ਵਿਚਾਰ* ਨੂੰ ਪ੍ਰਭਾਵਿਤ ਕਰਨਾ ਸੀ। ਉਹ ਧਾਰਣਾ ਕੀ ਹੋ ਸਕਦੀ ਹੈ? ਮਗਿੱਦੋ ਯੁੱਧ ਦੇ ਇੱਕ ਸਥਾਨ ਦੇ ਰੂਪ ਵਿੱਚ ਪ੍ਰਸਿੱਧ ਹੈ। ਇਸ ਲਈ ਮਗਿੱਦੋ ਪਹਾੜ ਇੱਕ ਢੁੱਕਵਾਂ ਸ਼ਬਦ ਹੈ ਜੋ ਸ਼ਤਾਨ ਅਤੇ ਉਸ ਦੇ ਸਾਥੀਆਂ ਦੇ ਦੁਆਰਾ ਯੋਜਨਾਬੱਧ ਰੂਹਾਨੀ ਯੁੱਧ ਦੇ ਨਾਲ ਜੁੜੇ ਹੋਏ ਹਨ। ਇਸ ਤੋਂ ਇਲਾਵਾ, ਮਗਿੱਦੋ ਦੀ ਲੜਾਈ ਦੇ ਕਾਰਨ ਅਣਗਿਣਤ ਅੱਥਰੂ ਵਹਿ ਗਏ ਸਨ। ਕਿਉਂਕਿ ਸ਼ਤਾਨ ਦੇ ਵਿਦਰੋਹ ਦਾ ਸਿੱਟਾ ਗਹਿਰਾ ਦੁੱਖ ਹੈ, ਇਸ ਲਈ ਹਰ-ਮਗਿੱਦੋਨ ਵੀ ਦੁੱਖ ਭਰੀ ਭਾਵਨਾ ਪਰਗਟ ਕਰਨ ਦੇ ਲਈ ਉਚਿਤ ਹੈ।

ਜਦਕਿ ਉੱਪਰ ਵਾਲਾ ਸੱਚ ਹੈ, ਇੱਕ ਵਧੇਰੇ ਸੂਖਮ ਅਤੇ ਮਹੱਤਵਪੂਰਣ ਸੰਕਲਪ ਸੰਭਵ ਤੌਰ ਤੇ ਪ੍ਰਭਾਸ਼ਿਤ ਹੁੰਦਾ ਹੈ। ਪਹਿਲਾਂ ਸੂਚੀਬੱਧ ਪੁਰਾਣੇ ਨੇਮ ਦੀਆਂ ਉਦਾਹਰਣਾਂ ਉੱਤੇ ਵਿਚਾਰ ਕਰੋ: ਹਰੇਕ ਮਾਮਲੇ ਵਿੱਚ, ਉਹ ਲੋਕ ਜਿਨ੍ਹਾਂ ਦੇ ਕੰਮ ਪਰਮੇਸ਼ਰ ਦੀ ਇੱਛਾ ਦੇ ਮੁਤਾਬਿਕ ਹੁੰਦੇ ਸਨ ਉਹ ਯੁੱਧ ਜਿੱਤਦੇ ਸਨ; ਪਰ ਜਿਨ੍ਹਾਂ ਦੇ ਕੰਮ ਪਰਮੇਸ਼ੁਰ ਦੀ ਇੱਛਾ ਦੇ ਉਲਟ ਹੁੰਦੇ ਸਨ ਉਹ ਹਾਰ ਜਾਂਦੇ ਸਨ। ਜ਼ਿਆਦਾਤਰ ਉਦਾਹਰਣਾਂ ਦੇ ਵਿੱਚ ਇਸ ਤੱਥ ਨੂੰ ਸਪੱਸ਼ਟ ਕੀਤਾ ਗਿਆ ਹੈ; ਪਰ ਯੋਸ਼ੀਯਾਹ; ਪਰ ਇਹ ਯੋਸ਼ੀਯਾਹ ਦੇ ਮਾਮਲੇ ਵਿੱਚ ਸਪੱਸ਼ਟ ਨਹੀਂ ਹੋ ਸਕਦਾ ਹੈ, ਜੋ ਜ਼ਿਆਦਾਤਰ ਤਰੀਕਿਆਂ ਦੇ ਨਾਲ ਇੱਕ ਚੰਗਾ ਰਾਜਾ ਸੀ। 2 ਇਤਹਾਸ 35:20-25 ਦੇ ਖਾਤੇ ਤੇ ਵਿਸ਼ੇਸ਼ ਧਿਆਨ ਦਿਓ। ਫ਼ਿਰਾਊਨ ਨੇਕੋ ਨੇ ਯੋਸ਼ੀਯਾਹ ਅੱਗੇ ਬੇਨਤੀ ਕੀਤੀ ਕਿ ਉਹ ਉਸ ਦੇ ਨਾਲ ਮਿਲ ਕੇ ਲੜਾਈ ਵਿੱਚ ਹਿੱਸਾ ਨਾ ਲਵੇ, ਪਰ ਯੋਸ਼ੀਯਾਹ ਨੇ "ਨੇਕੋ ਦੁਆਰਾ ਕਹੇ ਗਏ *ਪਰਮੇਸ਼ੁਰ*

*ਦੇ ਮੂੰਹ ਦੇ ਸ਼ਬਦਾਂ* ਨੂੰ ਨਹੀਂ ਸੁਣਿਆ, ਪਰ *ਮਗਿੱਦੋ ਦੇ ਮੈਦਾਨ* ਦੇ ਵਿੱਚ ਲੜਨ ਦੇ ਲਈ ਆਇਆ" (2 ਇਤਹਾਸ 35:22; ਜ਼ੋਰ ਦਿੱਤਾ ਗਿਆ ਹੈ)। ਜੋ ਲੋਕ "ਮਗਿੱਦੋ ਦੇ ਮੈਦਾਨ ਦੇ ਵਿੱਚ ਯੁੱਧ ਦੇ ਲਈ ਆਉਂਦੇ ਹਨ, ਇਹ ਉਹ ਲੋਕ ਹਨ ਜਿਨ੍ਹਾਂ ਨੇ ਪਰਮੇਸ਼ੁਰ ਦੇ, ਮੂੰਹ ਵਿੱਚੋਂ ਵਚਨ ਨੂੰ . . . ਸੁਣਨ ਤੋਂ ਇਨਕਾਰ ਕਰ ਦਿੱਤਾ ਹੈ" ਅਤੇ ਜਿਨ੍ਹਾਂ ਦਾ ਨਾਸ ਹੈ। ਕੀ ਅਸੀਂ ਪਰਕਾਸ਼ ਦੀ ਪੋਥੀ 16:14,16 ਵਿੱਚ ਉਸ ਦੁਸ਼ਟ ਵਿਚਾਰ ਨੂੰ ਲਾਗੂ ਨਹੀਂ ਕਰ ਸਕਦੇ ਹਾਂ? ਉਹ ਸਰਵਸ਼ਕਤੀਮਾਨ ਦੇ ਵਿਰੁੱਧ ਵਿਦਰੋਹੀ ਸਨ ਅਤੇ ਉਹ ਉਸ ਸਥਾਨ ਤੇ ਸਨ "ਜਿਸ ਨੂੰ ਇਬਰਾਨੀ ਭਾਸ਼ਾ ਦੇ ਵਿੱਚ ਹਰ-ਮਗਿੱਦੋਨ ਕਿਹਾ ਜਾਂਦਾ ਹੈ।" ਡੱਡੂ ਇੱਕ ਅਜਿਹੇ ਸਥਾਨ ਤੇ ਆਪਣੀ ਸੈਨਾ ਇਕੱਠੀ ਕਰਦੇ ਸਨ ਜਿੱਥੇ ਉਨ੍ਹਾਂ ਦਾ ਜਿੱਤਣਾ ਅਸੰਭਵ ਹੁੰਦਾ ਸੀ *ਜਿੱਥੇ ਉਨ੍ਹਾਂ ਦਾ ਜਿੱਤਣਾ ਅਸੰਭਵ ਸੀ* ਜਿੱਥੇ ਉਹ ਸ਼ੁਰਆਤ ਤੋਂ ਬਰਬਾਦ ਹੋ ਗਏ ਸਨ। ਇਸ ਤਰ੍ਹਾਂ ਇਹ ਗਰੰਟੀ ਸੀ ਕਿ ਉਹ ਯੁੱਧ ਹਾਰ ਜਾਣਗੇ।

ਇਹ ਦੇਖਦੇ ਹੋਏ ਕਿ ਹਲਾਤ ਇੱਕ ਸਥਾਈ ਸਥਾਨ ਨਹੀਂ ਹੈ, ਇਹ ਧਿਆਨ ਦੇਣ ਦਾ ਸਮਾਂ ਹੈ ਕਿ ਇਹ ਮੌਕਾ ਇੱਕ ਗੈਰ ਘਟਨਾ ਹੈ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਸੀ, *ਕੋਈ ਯੁੱਧ ਨਹੀਂ ਸੀ*। ਅਸੀਂ ਬਾਅਦ ਵਿੱਚ ਵੇਖਾਂਗੇ ਕਿ ਜਿਵੇਂ ਹੀ ਬੁਰਾਈ ਦੀ ਸੈਨਾ ਇਕੱਠੀ ਹੋਈ, "ਸੱਤਵੇਂ ਨੇ ਆਪਣਾ ਕਟੋਰਾ ਪੌਣ ਉੱਤੇ ਉਲੱਦ ਦਿੱਤਾ। ਤਾਂ ਸਿੰਘਾਸਣ ਦੀ ਵੱਲੋਂ ਹੈਕਲ ਵਿੱਚੋਂ ਇੱਕ ਵਡੀ ਅਵਾਜ਼ ਇਹ ਆਖਦੀ ਨਿੱਕਲੀ ਭਈ ਹੋ ਚੁੱਕਿਆ!" (ਆਇਤ 17)। ਕੋਈ ਗੋਲੀ ਨਹੀਂ ਚੱਲੀ, ਕੋਈ ਮਿਜ਼ਾਇਲ ਨਹੀਂ ਚੱਲੀ। ਪਰਮੇਸ਼ੁਰ ਨੇ ਕਿਹਾ, "ਹੋ ਚੁੱਕਿਆ!" ਅਤੇ ਇਹ ਹੋ ਗਿਆ।

ਪਵਿੱਤਰ ਬਾਈਬਲ "ਹਰ ਮਗਿੱਦੋਨ" ਦੇ ਯੁੱਧ ਦੇ ਵਿਸ਼ੇ ਵਿੱਚ ਕੁਝ ਵੀ ਨਹੀਂ ਬੋਲਦੀ ਹੈ। ਆਇਤਾਂ 13 ਤੋਂ 16 ਸ਼ਤਾਨ ਦੀਆਂ ਨਿਰੰਤਰ ਕੋਸ਼ਿਸ਼ਾਂ ਦੇ ਪ੍ਰਤੀਕ ਹਨ ਜੋ ਪਰਮੇਸ਼ੁਰ ਦੀਆਂ ਯੋਜਨਾਵਾਂ ਅਤੇ ਉਦੇਸ਼ਾਂ ਨੂੰ ਅਸਫਲ ਕਰਨ ਲਈ ਕੀਤੀਆਂ ਜਾਂਦੀਆਂ ਹਨ, ਕੋਸ਼ਿਸ਼ਾਂ ਜੋ ਹਮੇਸ਼ਾ ਬਰਬਾਦ ਹੋ ਜਾਂਦੀਆਂ ਹਨ। ਬਰਟਨ ਕੌਫ਼ਮੈਨ ਨੇ ਲਿਖਿਆ, "ਧਿਆਨ ਦਿਓ ਕਿ ਇੱਥੇ ਕਿਸੇ ਪ੍ਰਕਾਰ ਦੀ ਲੜਾਈ ਨਹੀਂ ਹੈ।"[29] ਜੇਮਸ ਈਫਰਡ ਨੇ ਵੀ ਉਹੀ ਵਿਚਾਰ ਦਿੱਤੇ:

> ਇਸ ਕਟੋਰਿਆਂ ਦੇ ਘਟਨਾ-ਚੱਕਰ ਵਿੱਚ ਹਰਮਗਿੱਦੋਨ ਦੇ ਵਰਣਨ ਦਾ ਮਹੱਤਵਪੂਰਣ ਪਹਿਲੂ ਇਹ ਹੈ ਕਿ ਕੋਈ ਵੀ ਯੁੱਧ ਨਹੀਂ ਸੀ ਲੜਿਆ ਗਿਆ। ਉਹ ਲੜਾਈ ਦੇ ਲਈ ਇਕੱਠੇ ਹੁੰਦੇ ਸਨ, ਪਰ ਪਰਮੇਸ਼ੁਰ ਦਖਲਅੰਦਾਜ਼ੀ ਕਰਦਾ ਹੈ (ਠੇਠ ਅਲੌਕਿਕ ਰੂਪ ਵਿੱਚ) ਅਤੇ ਲੜਾਈ ਤੋਂ ਬਿਨਾਂ ਪਰਮੇਸ਼ੁਰ ਦੇ ਲੋਕਾਂ ਦੇ ਦੁਸ਼ਮਣਾਂ ਨੂੰ ਨਸ਼ਟ ਕਰ ਦਿੰਦਾ ਹੈ।[30]

ਸਾਹਿਤਕਾਰਾਂ ਦੇ ਨਾਟਕੀ ਦ੍ਰਿਸ਼ਟੀਕੋਣਾਂ ਦੇ ਉਲਟ, ਕੋਈ ਵੀ ਮਨੁੱਖੀ ਸੈਨਾਵਾਂ ਲੜਾਈ ਦੇ ਖੇਤਰਾਂ ਦੇ ਦੂਜੇ ਪਾਸਿਆਂ ਤੋਂ ਇੱਕ ਦੂਜੇ ਦਾ ਸਾਹਮਣਾ ਨਹੀਂ ਕਰਦੀਆਂ ਸਨ, ਅਤੇ ਕੋਈ ਵੀ ਗੋਲੀਆਂ ਨਹੀਂ ਚਲਾਈਆਂ ਗਈਆਂ ਸਨ। ਇਸ ਦੀ ਬਜਾਇ, ਇੱਕ ਵਾਰ ਦੁਸ਼ਟਤਾ ਦੀਆਂ ਫੌਜਾਂ ਇਕੱਠੀਆਂ ਕੀਤੀਆਂ ਗਈਆਂ ਸਨ . . . ਪਰਮੇਸ਼ੁਰ ਨੇ ਕਦਮ ਅੱਗੇ ਵਧਾਇਆ ਅਤੇ ਉਨ੍ਹਾਂ ਦੇ ਉੱਤੇ ਆਪਣੇ ਕ੍ਰੋਧ ਨੂੰ ਉਂਡੇਲ ਦਿੱਤਾ, ਜਿਸ ਨੂੰ ਲਿਸ਼ਕਾਂ, ਅਵਾਜ਼ਾਂ ਅਤੇ ਬੱਦਲ ਦੀਆਂ ਗਰਜਾਂ ਹੋਈਆਂ (ਆਇਤਾਂ 18, 21)। ਪੂਰੇ ਕੰਮ ਦਾ ਸਮਾਂ ਪਹਿਲਾਂ ਤੋਂ ਹੀ ਸ਼ੁਰੂ ਹੋ ਚੁੱਕਿਆ ਸੀ।

ਜੇਕਰ ਪਾਠਕ ਅੱਗੇ "ਯੁੱਧ" ਦੇ ਹੋਰਨਾਂ ਵਿਵਰਣਾਂ ਨੂੰ ਅੱਗੇ ਵੇਖਦਾ ਹੈ ਤਾਂ ਉਹ ਵੇਖੇਗਾ ਕਿ ਹਰ ਵਿਵਰਣ ਦੇ ਵਿੱਚ ਇੱਕੋ ਚੀਜ਼ ਵਾਪਰੀ ਹੈ। ਅਧਿਆਇ 19 ਵਿੱਚ ਯੂਹੰਨਾ ਨੇ ਕਿਹਾ, "ਫੇਰ ਮੈਂ ਵੇਖਿਆ ਭਈ ਉਹ ਦਰਿੰਦਾ ਅਤੇ ਧਰਤੀ ਦੇ ਰਾਜੇ ਅਤੇ ਉਨ੍ਹਾਂ ਦੀਆਂ ਫੌਜਾਂ ਇਕੱਠੀਆਂ ਹੋਈਆਂ ਭਈ ਉਹ ਦੇ ਨਾਲ ਜਿਹੜਾ [ਯਿਸੂ] ਘੋੜੇ ਉੱਤੇ ਸਵਾਰ ਸੀ ਅਤੇ ਉਹ ਦੀ ਫੌਜ ਨਾਲ 'ਯੁੱਧ' ਕਰਨ" (19:19)। ਹਾਲਾਂ ਕਿ, ਯੁੱਧ ਦਾ ਕੋਈ ਵਿਵਰਣ ਨਹੀਂ ਦਿੱਤਾ ਗਿਆ ਹੈ। ਇਸ ਦੀ ਬਜਾਇ, ਝੂਠੇ ਨਬੀ ਦੇ ਨਾਲ "ਦਰਿੰਦੇ ਨੂੰ ਫੜ ਲਿਆ ਗਿਆ" ਅਤੇ ਦੋਹਾਂ ਨੂੰ "ਅੱਗ ਦੀ ਝੀਲ" ਦੇ

ਵਿਚ ਸੁੱਟ ਦਿੱਤਾ ਗਿਆ (19:20), ਜਦਕਿ ਉਨ੍ਹਾਂ ਦੇ ਪਿੱਛੇ ਚੱਲਣ ਵਾਲੇ ਪੰਛੀਆਂ ਦੇ ਲਈ ਰਾਤ ਦਾ ਭੋਜਨ ਬਣ ਗਏ (19:21; ਵੇਖੋ 19:17, 18)। ਅਧਿਆਇ 20 ਵਿਚ ਸ਼ਤਾਨ ਰਾਸ਼ਟਰਾਂ ਨੂੰ ਧੋਖਾ ਦੇਣ ਲਈ . . . ਅਤੇ ਉਨ੍ਹਾਂ ਨੂੰ ਯੁੱਧ (ਲੜਾਈ) ਦੇ ਲਈ ਇਕੱਠਾ ਕਰਨ ਦੇ ਲਈ ਗਿਆ" (20:8), ਪਰ ਸ਼ਤਾਨ ਦਿਆਂ ਸੈਨਿਕਾਂ ਦੇ ਰਾਹੀਂ ਸੰਤਾਂ ਦੇ ਡੇਰੇ ਨੂੰ ਘੇਰਦਿਆਂ ਸਾਰ ਹੀ, "ਸਵਰਗ ਵਿੱਚੋਂ ਅੱਗ ਨਿਕਲੀ ਅਤੇ ਉਨ੍ਹਾਂ ਭਸਮ ਕਰ ਦਿੱਤਾ" (20:9) ਅਤੇ ਸ਼ਤਾਨ ਜਿਸ ਨੇ . . . ਅੱਗ ਅਤੇ ਗੰਧਕ ਦੀ ਝੀਲ ਵਿੱਚ ਸੁੱਟਿਆ ਗਿਆ" (20:10), ਉੱਥੇ ਕੋਈ ਯੁੱਧ ਨਹੀਂ ਸੀ।

ਹੋਮਰ ਹੈਲੇ ਨੇ ਲਿਖਿਆ ਹੈ, "ਕਿ ਦੋ ਫੌਜ਼ਾਂ ਦੇ ਵਿਚਕਾਰ ਇੱਕ ਭੌਤਿਕ ਫੌਜ਼ੀ ਯੁੱਧ ਨੂੰ ਵੇਖਣ ਦੇ ਲਈ ਜੋ ਭਵਿੱਖ ਦੀ ਕਿਸੇ ਤਾਰੀਖ ਵਿੱਚ ਉੱਤਰੀ ਫਲਿਸਤੀਨ ਦੇ ਵਿਚ ਲੜਿਆ ਜਾਣ ਵਾਲਾ ਹੈ ਜੋ ਪੂਰੀ ਤਰ੍ਹਾਂ ਦੇ ਨਾਲ ਪਵਿੱਤਰ ਸ਼ਾਸਤਰ ਦੇ ਸਮਰਥਨ ਤੋਂ ਬਾਹਰ ਅਤੇ ਆਤਮਾ ਅਤੇ ਪਰਕਾਸ਼ ਦੀ ਪੋਥੀ ਦੇ ਉਦੇਸ਼ ਤੋਂ ਬਾਹਰ ਹੈ।"[31] ਕੋਫ਼ਮੈਨ ਸਹਿਮਤ ਹੈ: "'ਹਰਮਗਿੱਦੋਨ ਦੀ ਲੜਾਈ' ਕਹੇ ਜਾਣ ਵਾਲੀ ਸੰਪੂਰਣ ਧਾਰਣਾ ਧਰਤੀ ਉੱਤੇ ਕਿਸੇ ਸੰਸਾਰਕ ਯੁੱਧ ਖੇਤਰ ਤੇ ਇੱਕ ਸੁਪਰ-ਵਿਸ਼ਾਲ ਪ੍ਰਦਰਸ਼ਨ ਨੂੰ ਵਿਖਾਉਂਦੀ ਹੈ ਤਰਕਹੀਣ, ਵਿਚਾਰਹੀਣ ਅਤੇ ਮਸੀਹ ਦੀ ਸਿੱਖਿਆ ਦੇ ਉਲਟ ਹੈ।"[32] ਰੇ ਸਮਰਸ ਨੇ ਹੋਰ ਜੋੜਿਆ ਹੈ, "ਜੇਕਰ ਕੋਈ ਆਸ ਕਰਦਾ ਹੈ ਕਿ ਇਹ ਇੱਕ ਅਸਲੀ, ਭੌਤਿਕ ਲੜਾਈ ਹੈ, ਤਾਂ ਉਸ ਨੂੰ ਉਮੀਦ ਹੈ ਕਿ ਤਿੰਨਾਂ ਡੱਡੂਆਂ ਦੀ ਇੱਕ ਕਮੇਟੀ ਦੇ ਦੁਆਰਾ ਫੌਜ਼ ਦੀ ਅਗਵਾਈ ਕੀਤੀ ਜਾਣੀ ਚਾਹੀਦੀ ਹੈ।"[33]

ਸ਼ਤਾਬਦੀਆਂ ਤੋਂ ਬਾਅਦ ਵਿੱਚ ਹੋਣ ਵਾਲੀ ਲੜਾਈ ਦੇ ਵਿਸ਼ੇ ਵਿਚ ਸੁਣ ਕੇ ਪਹਿਲੀ ਸਦੀ ਦੇ ਮਸੀਹੀਆਂ ਨੂੰ ਕਿਹੋ ਜਿਹਾ ਦਿਲਾਸਾ ਮਿਲੇਗਾ? ਸਪੱਸ਼ਟ ਜਵਾਬ ਹੈ "ਕੋਈ ਵੀ ਨਹੀਂ।" ਯੂਹੰਨਾ ਦੇ ਪਾਠਕਾਂ ਨੂੰ ਇਹ ਜਾਣਨ ਦੀ ਲੋੜ ਸੀ ਕਿ *ਉਨ੍ਹਾਂ* ਦੇ ਦੁਸ਼ਮਣਾਂ ਨੂੰ ਪ੍ਰਭੂ ਦੇ ਦੁਆਰਾ ਹਰਾਇਆ ਜਾਵੇਗਾ – ਅਤੇ *ਇਹੋ* ਭਰੋਸਾ ਹੈ ਜੋ ਪਰਕਾਸ਼ ਦੀ ਪੋਥੀ ਅਧਿਆਇ 16 ਉਨ੍ਹਾਂ ਨੂੰ ਦਿੰਦਾ ਹੈ। ਅਧਿਆਇ 16 ਅੱਜ ਮਸੀਹੀਆਂ ਨੂੰ ਇਹੋ ਭਰੋਸਾ ਦਿਵਾਉਂਦਾ ਹੈ ਕਿ ਉਨ੍ਹਾਂ ਦੇ ਦੁਸ਼ਮਣ ਪਰਮੇਸ਼ੁਰ ਦੇ ਦੁਆਰਾ ਹਰਾਏ ਜਾਣਗੇ।

## ਸੱਤਵਾਂ ਕਟੋਰਾ (16:17-21)

**17ਸੱਤਵੇਂ ਨੇ ਆਪਣਾ ਕਟੋਰਾ ਪੌਣ ਉੱਤੇ ਉਲੱਦ ਦਿੱਤਾ। ਤਾਂ ਸਿੰਘਾਸਣ ਦੀ ਵੱਲੋਂ ਹੈਕਲ**
**ਵਿੱਚੋਂ ਇੱਕ ਵੱਡੀ ਅਵਾਜ਼ ਇਹ ਆਖਦੀ ਨਿੱਕਲੀ ਭਈ ਹੋ ਚੁੱਕਿਆ! 18ਅਤੇ ਬਿਜਲੀ ਦੀਆਂ**
**ਲਿਸ਼ਕਾਂ ਅਤੇ ਅਵਾਜ਼ਾਂ ਅਤੇ ਬੱਦਲ ਦੀਆਂ ਗਰਜਾਂ ਹੋਈਆਂ, ਅਤੇ ਵੱਡਾ ਭੁਚਾਲ ਆਇਆ**
**ਅਜਿਹਾ ਭਈ ਧਰਤੀ ਉੱਤੇ ਜਦੋਂ ਦੇ ਮਨੁੱਖ ਹੋਏ ਐਡਾ ਵੱਡਾ ਅਤੇ ਭਾਰਾ ਭੁਚਾਲ ਆਇਆ**
**ਅਜਿਹਾ ਭਈ ਧਰਤੀ ਉੱਤੇ ਜਦੋਂ ਦੇ ਮਨੁੱਖ ਹੋਏ ਐਡਾ ਵੱਡਾ ਅਤੇ ਭਾਰਾ ਭੁਚਾਲ ਕਦੇ ਨਹੀਂ**
**ਸੀ ਆਇਆ! 19ਤਾਂ ਉਹ ਵੱਡੀ ਨਗਰੀ ਤਿੰਨ ਟੋਟੇ ਹੋ ਗਈ ਅਤੇ ਕੌਮਾਂ ਦੇ ਨਗਰ ਢਹਿ ਪਏ**
**ਅਤੇ ਉਹ ਵੱਡੀ ਨਗਰੀ ਬਾਬੁਲ ਪਰਮੇਸ਼ੁਰ ਪਰਮੇਸ਼ੁਰ ਦੀ ਦਰਗਾਹੇ ਚੇਤੇ ਆਈ ਭਈ**
**ਆਪਣੇ ਅੱਤ ਵੱਡੇ ਕ੍ਰੋਧ ਦੀ ਮੈ ਦਾ ਪਿਆਲਾ ਉਹ ਨੂੰ ਦੇਵੇ। 20ਅਤੇ ਹਰੇਕ ਟਾਪੂ ਨੱਸ ਗਿਆ**
**ਅਤੇ ਪਹਾੜਾਂ ਦਾ ਪਤਾ ਨਾ ਲੱਗਾ। 21ਅਤੇ ਆਕਾਸ਼ੋਂ ਮਨੁੱਖਾਂ ਉੱਤੇ ਜਾਣੀਦਾ ਮਣ ਮਣ ਦੇ ਵੱਡੇ**
**ਗੜੇ ਪੈਂਦੇ ਹਨ ਅਤੇ ਗੜਿਆਂ ਦੀ ਬਵਾ ਦੇ ਮਾਰੇ ਮਨੁੱਖਾਂ ਨੇ ਪਰਮੇਸ਼ੁਰ ਉੱਤੇ ਕੁਫ਼ਰ ਬਕਿਆ**
**ਕਿਉਂ ਜੋ ਓਹਨਾਂ ਦੀ ਬਵਾ ਡਾਢੀ ਕਰੜੀ ਹੈ।**

**ਆਇਤ 17.** ਇਸ ਘੋਸ਼ਣਾ ਤੋਂ ਬਾਅਦ ਕਿ ਬੁਰਾਈ ਦੀਆਂ ਤਾਕਤਾਂ ਨੂੰ ਇੱਕ ਸਥਾਨ ਤੇ ਮਜ਼ਬੂਤ ਕੀਤਾ ਗਿਆ ਜਿੱਥੇ ਉਹ ਜਿੱਤ ਨਹੀਂ ਸਕਦੀਆਂ ਸਨ (ਹਰਮਗਿੱਦੋਨ), ਇਹ ਸੱਤਵੇਂ

ਸਵਰਗਦੂਤ ਦਾ ਸਮਾਂ ਸੀ ਕਿ ਉਹ ਆਪਣਾ ਕਟੋਰਾ ਖਾਲੀ ਕਰੇ: **ਸੱਤਵੇਂ ਨੇ ਆਪਣਾ ਕਟੋਰਾ ਪੌਣ ਉੱਤੇ ਉਲੱਦ ਦਿੱਤਾ।**

ਕੁਝ ਲੇਖਕਾਂ ਨੂੰ ਇਸ ਤੱਥ ਵਿਚ ਮਹੱਤਵ ਮਿਲਦਾ ਹੈ **ਪੌਣ ਉੱਤੇ** ਕਟੋਰਾ ਉਲੱਦਿਆ ਗਿਆ। ਕੁਝ ਲੋਕ ਹਵਾ ਦੀ ਮਹੱਤਤਾ ਨੂੰ ਦਰਸਾਉਂਦੇ ਹਨ ਕਿ ਲੋਕ ਸਾਹ ਲੈਂਦੇ ਹਨ। ਜਦੋਂ ਪਾਣੀ ਲਹੂ ਵਿਚ ਬਦਲ ਗਿਆ ਸੀ (ਦੂਸਰਾ ਅਤੇ ਤੀਸਰਾ ਕਟੋਰਾ), ਜੋ ਕਿ ਬੁਰਾ ਸੀ, ਕਿਉਂਕਿ ਪਾਣੀ ਤੋਂ ਬਿਨਾਂ ਆਦਮੀ ਸਿਰਫ ਦੋ ਦਿਨ ਹੀ ਜਿਉਂਦਾ ਰਹਿ ਸਕਦਾ ਹੈ; ਦੂਜੇ ਪਾਸੇ ਹਵਾ ਤੋਂ ਬਿਨਾਂ ਮਨੁੱਖ ਸਿਰਫ ਕੁਝ *ਮਿੰਟ* ਹੀ ਜੀਉਂਦਾ ਰਹਿ ਸਕਦਾ ਹੈ। ਦੂਸਰੇ ਵਿਸ਼ਵਾਸ ਕਰਦੇ ਹਨ ਕਿ ਸੱਤਵਾਂ ਕਟੋਰਾ ਜਿਸ ਦਾ ਨਿਸ਼ਾਨਾ "ਹਵਾ" ਸੀ ਇਹ ਸ਼ਤਾਨ ਦੇ ਉੱਤੇ ਸਿੱਧਾ ਹਮਲਾ ਸੀ ਜਿਸ ਨੂੰ "ਹਵਾਈ ਇਖ਼ਤਿਆਰ ਦਾ ਸਰਦਾਰ" ਕਿਹਾ ਜਾਂਦਾ ਹੈ (ਅਫ਼ਸੀਆਂ 2:2)। ਸ਼ਬਦ ਦਾ ਕੋਈ ਵਿਸ਼ੇਸ਼ ਮਹੱਤਵ ਨਹੀਂ ਹੋ ਸਕਦਾ ਹੈ: ਕਟੋਰੇ ਨੂੰ ਉਲੱਦਿਆ ਗਿਆ ਜਿਸ ਨੂੰ ਵਾਯੂਮੰਡਲ ਕਹਿੰਦੇ ਹਨ, ਅਤੇ ਇਸ ਤਰ੍ਹਾਂ "ਹਰ ਜਗਾ ਤੇ, ਸੁਰੱਖਿਆ ਦੇ ਲਈ ਕੋਈ ਨੁੱਕਰ ਜਾਂ ਦਰਾਰ ਨਹੀਂ ਛੱਡੀ ਗਈ, ਪਰਮੇਸ਼ੁਰ ਦਾ ਕ੍ਰੋਧ ਮਨੁੱਖਾਂ ਦੇ ਉੱਤੇ ਉਲੱਦ ਦਿੱਤਾ ਗਿਆ।"[34]

ਜਦੋਂ ਅਜਿਹਾ ਹੋਇਆ, **ਤਾਂ ਸਿੰਘਾਸਣ ਦੀ ਵੱਲੋਂ ਹੈਕਲ ਵਿੱਚੋਂ ਇੱਕ ਵੱਡੀ ਅਵਾਜ਼ ਇਹ ਆਖਦੀ ਨਿੱਕਲੀ ਭਈ ਹੋ ਚੁੱਕਿਆ!** ਇਹ ਵਾਕ **ਸਿੰਘਾਸਣ ਦੀ ਵੱਲੋਂ ਹੈਕਲ ਵਿੱਚੋਂ** ਪਾਠਕ ਨੂੰ ਪਤਾ ਹੋਵੇ ਕਿ ਸਵਰਗ ਵਿਚ "ਹੈਕਲ" ਅਤੇ ਪਰਮੇਸ਼ੁਰ ਦਾ "ਸਿੰਘਾਸਣ ਦਾ ਸਥਾਨ" ਇੱਕੋ ਹੀ ਹਨ। ਦਰਿੰਦੇ ਦੇ ਸਿੰਘਾਸਣ ਨੂੰ ਪਰਿਵਰਤਿਤ ਕੀਤਾ ਗਿਆ ਸੀ (16:10), ਪਰ ਪਰਮੇਸ਼ੁਰ ਦਾ ਸਿੰਘਾਸਣ ਹੁਣ ਵੀ ਸ਼ਕਤੀਸ਼ਾਲੀ ਢੰਗ ਦੇ ਨਾਲ – ਕੰਮ ਕਰ ਰਿਹਾ ਹੈ। ਜਿਵੇਂ ਆਇਤ 1 ਵਿਚ ਹੈ, ਇਹ ਅਵਾਜ਼ ਜ਼ਰੂਰ ਪਰਮੇਸ਼ੁਰ ਦੀ ਅਵਾਜ਼ ਹੋਣੀ ਚਾਹੀਦੀ ਹੈ (ਆਇਤ 1 ਤੇ ਟਿੱਪਣੀ ਵੇਖੋ)। **ਹੋ ਚੁੱਕਿਆ** ਯੂਨਾਨੀ ਦੇ ਇੱਕੋ ਸ਼ਬਦ γέγονεν (*ਗੇਗੋਨੇਨ*, ਸ਼ਬਦ ਜੋ, γίνομαι, *ਜੀਨੋਮਾਈ*) ਤੋਂ ਅਨੁਵਾਦ ਕੀਤਾ ਗਿਆ ਹੈ। ਇਹ ਪੂਰਣ ਕਾਲ ਵਿਚ ਹੈ ਜੋ ਕੰਮ ਦੇ ਪੂਰੇ ਕੀਤੇ ਜਾਣ ਨੂੰ ਦਰਸਾਉਂਦਾ ਹੈ। ਪੂਰਣ ਕਾਲ ਪਿਛਲੀ ਕਾਰਵਾਈ ਦੇ ਆਧਾਰ ਤੇ ਮੌਜੂਦਾ ਨਤੀਜਿਆਂ ਵੱਲ ਧਿਆਨ ਖਿੱਚਦਾ ਹੈ। ਪਰਮੇਸ਼ੁਰ ਨੇ ਜੋ ਕੁਝ ਕਰਨ ਦੇ ਲਈ ਸੋਚਿਆ ਸੀ ਉਸ ਨੂੰ ਪੂਰਾ ਕੀਤਾ। ਪਰਕਾਸ਼ ਦੀ ਪੋਥੀ ਦੇ ਛੇ ਅਧਿਆਇ ਮੌਜੂਦ ਹਨ, ਪਰ ਜ਼ਿਆਦਾਤਰ ਬਾਕੀ ਕਿਤਾਬ ਮੂਲ ਰੂਪ ਵਿਚ ਅਧਿਆਇ 16 ਦੀਆਂ ਆਖਰੀ ਆਇਤਾਂ ਦਾ ਵਿਸਥਾਰ ਅਤੇ ਵਿਆਖਿਆ ਹੈ।

**ਆਇਤ 18.** ਪਰਮੇਸ਼ੁਰ ਦੀ ਸ਼ਕਤੀ ਦੀ ਇੱਕ ਪ੍ਰਦਰਸ਼ਨੀ ਦੇ ਬਾਅਦ ਈਸ਼ੁਰੀ ਘੋਸ਼ਣਾ ਕੀਤੀ ਗਈ (ਵੇਖੋ 4:5; 6:12; 8:5; 11:19)। **ਅਤੇ ਬਿਜਲੀ ਦੀਆਂ ਲਿਸ਼ਕਾਂ ਅਤੇ ਅਵਾਜ਼ਾਂ ਅਤੇ ਬੱਦਲ ਦੀਆਂ ਗਰਜਾਂ ਹੋਈਆਂ, ਅਤੇ ਵੱਡਾ ਭੁਚਾਲ ਆਇਆ ਅਜਿਹਾ ਭਈ ਧਰਤੀ ਉੱਤੇ ਜਦੋਂ ਦੇ ਮਨੁੱਖ ਹੋਏ ਐਡਾ ਵੱਡਾ ਅਤੇ ਭਾਰਾ ਭੁਚਾਲ ਆਇਆ ਅਜਿਹਾ ਭਈ ਧਰਤੀ ਉੱਤੇ ਜਦੋਂ ਦੇ ਮਨੁੱਖ ਹੋਏ ਐਡਾ ਵੱਡਾ ਅਤੇ ਭਾਰਾ ਭੁਚਾਲ ਕਦੇ ਨਹੀਂ ਸੀ ਆਇਆ!** ਹੈਲੇ ਨੇ ਟਿੱਪਣੀ ਕੀਤੀ, "ਕਿਉਂਕਿ ਰੋਮੀ ਸਾਮਰਾਜ ਦੀ ਤੁਲਨਾ ਵਿਚ . . . ਕਦੀ ਕੋਈ ਵੱਡਾ ਸਾਮਰਾਜ ਨਹੀਂ ਹੋਇਆ, ਅਤੇ ਜਦੋਂ ਇਹ ਡਿੱਗੇਗਾ ਤਾਂ ਕੋਈ ਵੱਡਾ ਭੁਚਾਲ ਨਹੀਂ ਆਵੇਗਾ।"[35]

**ਆਇਤ 19.** ਭੁਚਾਲ ਦਾ ਖਾਸ ਨਿਸ਼ਾਨਾ ਮਹਾਨ ਬਾਬੁਲ ਸੀ, ਜਿਸ ਨੂੰ ਅਗਲੇ ਅਧਿਆਵਾਂ ਵਿਚ ਰੋਮ ਦਾ ਸ਼ਹਿਰ ਕਿਹਾ ਜਾ ਸਕਦਾ ਹੈ (ਵੇਖੋ 17:9, 18)। ਕੁਝ ਲੋਕ ਬਾਬੁਲ ਨੂੰ ਯਰੂਸ਼ਲਮ ਦੇ ਰੂਪ ਵਿਚ ਸਮਝਦੇ ਹਨ ਅਤੇ ਸੋਚਦੇ ਹਨ ਕਿ ਨਾਸ ਦਾ ਚਿੱਤਰ ਉਸ ਸ਼ਹਿਰ ਦੇ 70 ਈ.ਵੀ. ਵਿਚ ਹੋਏ ਨਾਸ ਨੂੰ ਦਰਸਾਉਂਦਾ ਹੈ। ਕਿਸੇ ਵੀ ਤਰੀਕੇ ਦੇ ਨਾਲ, ਇਹ ਹਵਾਲਾ ਇਹ ਸਿਖਾਉਂਦਾ ਹੈ ਕਿ ਨਾ ਕੋਈ ਸ਼ਹਿਰ, ਨਾ ਕੋਈ ਰਾਸ਼ਟਰ, ਅਤੇ ਨਾ ਕੋਈ ਵਿਅਕਤੀ ਪਾਪ ਦੇ ਸਿੱਟੇ ਤੋਂ ਬਚ ਸਕਦ ਹੈ। 14:8 ਵਿਚ ਬਾਬੁਲ ਦੇ ਪਤਨ ਦੀ ਘੋਸ਼ਣਾ ਕੀਤੀ ਗਈ ਸੀ; ਇੱਥੇ ਉਸ ਪਤਨ

ਦਾ ਸੰਖੇਪ ਵਿਵਰਣ ਦਿੱਤਾ ਗਿਆ ਹੈ ਜੋ ਇਨ੍ਹਾਂ ਸ਼ਬਦਾਂ ਦੇ ਨਾਲ ਸ਼ੁਰੂ ਹੁੰਦਾ ਹੈ **ਉਹ ਵੱਡੀ ਨਗਰੀ ਤਿੰਨ ਟੋਟੇ ਹੋ ਗਈ।** "ਤਿੰਨ ਈਸ਼ੁਰਤਾਈ" ਦੀ ਸੰਖਿਆ ਹੈ। ਇਸ ਪ੍ਰਕਾਰ, **ਤਿੰਨ ਟੋਟੇ ਹੋ ਗਈ** ਪਰਮੇਸ਼ੁਰ ਦੀ ਸੰਪੂਰਣ ਸਜ਼ਾ ਨੂੰ ਦਰਸਾਉਂਦਾ ਹੈ। ਇਹ ਵਾਕ *ਸੰਪੂਰਣ* ਨਾਸ ਨੂੰ ਵੀ ਦਰਸਾ ਸਕਦਾ ਹੈ।

ਰੋਮ ਦੂਜਿਆਂ ਨੂੰ ਪ੍ਰਭਾਵਿਤ ਕੀਤੇ ਬਿਨਾਂ ਨਹੀਂ ਡਿੱਗ ਸਕਦਾ ਹੈ। ਰੋਮ ਦੀ ਨਗਰੀ ਦੁਨੀਆਂ ਦੀ ਮਾਲਕਿਨ ਸੀ; ਜ਼ਿਆਦਾਤਰ ਮਨੁੱਖਾਂ ਦਾ ਭਵਿੱਖ ਉਸ ਦੇ ਨਾਲ ਜੁੜਿਆ ਹੋਇਆ ਸੀ। ਇਸ ਲਈ ਅਸੀਂ ਇਸ ਪ੍ਰਕਾਰ ਪੜ੍ਹਦੇ ਹਾਂ ਕਿ ਜਦੋਂ ਬਾਬੁਲ ਨੂੰ ਨਸ਼ਟ ਕਰ ਦਿੱਤਾ ਗਿਆ ਸੀ **ਅਤੇ ਕੌਮਾਂ ਦੇ ਨਗਰ ਵੀ ਢਹਿ ਪਏ।**

ਪਰਮੇਸ਼ੁਰ ਦੇ ਕ੍ਰੋਧ ਨੂੰ ਭੜਕਾਉਣ ਦੇ ਲਈ ਕਿਸ ਨੇ ਪ੍ਰੇਰਿਤ ਕੀਤਾ ਸੀ? ਬਾਬੁਲ ਅਤੇ ਉਸ ਦੇ ਸਾਥੀਆਂ ਨੇ ਪਰਮੇਸ਼ੁਰ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਉਸ ਨੂੰ ਮਹਿਮਾ ਨਹੀਂ ਦਿੱਤੀ। ਇਸ ਲਈ, **ਉਹ ਵੱਡੀ ਨਗਰੀ ਬਾਬੁਲ ਪਰਮੇਸ਼ੁਰ ਪਰਮੇਸ਼ੁਰ ਦੀ ਦਰਗਾਹੇ ਚੇਤੇ ਆਈ ਭਈ ਆਪਣੇ ਅੱਤ ਵੱਡੇ ਕ੍ਰੋਧ ਦੀ ਮੈ ਦਾ ਪਿਆਲਾ ਉਹ ਨੂੰ ਦੇਵੇ।** ਮੌਰਿਸ ਨੇ ਲਿਖਿਆ,

> ਇਸ ਪੁਸਤਕ ਵਿਚ ਕਿਤੇ ਵੀ ਇਹ ਪਰਗਟਾਵਾ ਨਹੀਂ ਹੈ ਜਿਸ ਵਿਚ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਹੋਵੇ ਕਿ *ਉਹ ਕਟੋਰਾ ਉਸ ਦੇ ਗੁੱਸੇ ਦੀ ਮੈ ਦੇ ਨਾਲ ਭਰਿਆ ਹੋਇਆ ਸੀ* [ਵੇਖੋ NIV] ਯੂਹੰਨਾ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਰਹਿਣ ਦਿੰਦਾ ਹੈ ਕਿ ਬਾਬੁਲ ਨੂੰ ਸਰਵ-ਸ਼ਕਤੀਮਾਨ ਅਤੇ ਸਰਵ-ਪਵਿੱਤਰ ਪਰਮੇਸ਼ੁਰ ਦੇ ਕੋਲੋਂ ਉਸ ਦੇ ਪੂਰੇ ਦਿਲ ਤੋਂ ਉਹ ਸਜ਼ਾ ਦਿੱਤੀ ਜਾਵੇਗੀ ਜਿਸ ਦੇ ਉਹ ਯੋਗ ਹੈ।[36]

**ਆਇਤ 20.** ਪਰਮੇਸ਼ੁਰ ਦੀ ਸ਼ਕਤੀ ਦਾ ਇੱਕ ਹੋਰ ਪਰਗਟਾਵਾ ਇਹ ਹੈ ਅਤੇ ਹਰੇਕ **ਟਾਪੂ ਨੱਸ ਗਿਆ ਅਤੇ ਪਹਾੜਾਂ ਦਾ ਪਤਾ ਨਾ ਲੱਗਾ** (ਵੇਖੋ 6:14)।

**ਆਇਤ 21.** ਆਇਤ 21 ਦੀ ਪ੍ਰਤੀਕਵਾਦ ਆਇਤ 18 ਅਤੇ 20 ਵਿਚ ਪਾਏ ਜਾਣ ਵਾਲੇ ਪ੍ਰਤੀਕਵਾਦਾਂ ਦੇ ਸਮਾਨ ਹੈ, ਪਰ ਇਸ ਵਿਚ ਉਹ ਕਲਪਨਾਵਾਂ ਇਸਤੇਮਾਲ ਕੀਤੀਆਂ ਗਈਆਂ ਹਨ ਜੋ ਪਹਿਲਾਂ ਤੋਂ ਪਰਕਾਸ਼ ਦੀ ਪੋਥੀ ਵਿਚ ਨਹੀਂ ਮਿਲਦੀਆਂ ਹਨ – ਮਿਸਰ ਵਿਚਲੀ ਸੱਤਵੀਂ ਵਿਚਾਰਸ਼ੀਲ ਬਵਾ (ਕੂਚ 9:18-35): **ਅਤੇ ਆਕਾਸ਼ੋਂ ਮਨੁੱਖਾਂ ਉੱਤੇ ਜਾਣੀਦਾ ਮਣ ਮਣ ਦੇ ਵੱਡੇ ਗੜੇ ਪੈਂਦੇ ਹਨ।** ਇਹ ਵਾਕ **ਜਾਣੀਦਾ ਮਣ ਮਣ ਦੇ** ਯੂਨਾਨੀ ਸ਼ਬਦ ταλαντιαία (*ਤਾਲਾਂਤਿਆ*) ਦਾ ਆਧੁਨਿਕੀਕਰਨ ਕਰਦਾ ਹੈ, ਜਿਸ ਦਾ ਅਰਥ "ਹੈ ਤੋੜਿਆ ਵਿਚ ਤੋਲਣਾ" (ਵੇਖੋ KJV)। ਕਿਉਂਕਿ ਤੋੜਿਆਂ ਦਾ ਭਾਰ ਵੱਖ-ਵੱਖ ਹੁੰਦਾ ਹੈ, ਇਸ ਲਈ ਦਰਸ਼ਣ ਵਿਚਲੇ ਗੜਿਆਂ ਦਾ ਸਹੀ ਭਾਰ ਜਾਣ ਸਕਣ ਦਾ ਕੋਈ ਤਰੀਕਾ ਨਹੀਂ ਹੈ। ਅਨੁਮਾਨ 60 ਪੌਂਡ ਤੋਂ ਲੈ ਕੇ 125 ਪੌਂਡ ਤਕ ਵੱਖਰੇ-ਵੱਖਰੇ ਹੁੰਦੇ ਹਨ। "ਇੱਕ ਸੌ ਪੌਂਡ" ਵਿਚ ਇਸ ਤੋਂ ਵੱਧ ਬਿੰਦੂ ਜੁੜ ਜਾਂਦੇ ਹਨ। ਕੁਝ ਲੋਕਾਂ ਨੇ ਗੋਲਫ-ਬਾਲ ਦੇ ਆਕਾਰ ਦੇ ਗੜੇ, ਬੇਸਬਾਲ ਆਕਾਰ ਦੇ ਗੜੇ, ਅਤੇ ਇੱਥੋਂ ਤਕ ਕਿ ਚਕੋਦਰੇ ਦੇ ਆਕਾਰ ਦੇ ਗੜੇ ਵੇਖੇ ਹਨ; ਪਰ ਸੰਸਾਰ ਨੇ ਕਦੀ ਵੀ ਇੱਕ ਸੌ ਪਾਉਂਡ ਦੇ ਗੜੇ ਨਹੀਂ ਵੇਖੇ ਹਨ। ਕੁਝ ਬਜ਼ੁਰਗ ਲੋਕਾਂ ਨੂੰ ਅੱਜ ਵੀ ਯਾਦ ਹੈ ਜਦੋਂ ਇੱਕ ਸੌ ਪੌਂਡ ਦੇ ਬਲਾਕਾਂ ਦੇ ਵਿਚ ਬਰਫ਼ ਵੇਚੀ ਜਾਂਦੀ ਸੀ। ਕੋਈ ਨਹੀਂ ਚਾਹੁੰਦਾ ਸੀ ਕਿ ਬਰਫ਼ ਦੇ ਉਨ੍ਹਾਂ ਟੁਕੜਿਆਂ ਦੇ ਵਿਚੋਂ ਇੱਕ ਵੀ ਉਸ ਦੇ ਸਿਰ ਉੱਤੇ ਡਿੱਗੇ!

"[ਪੁਰਾਣੇ ਨੇਮ] ਵਿਚ ਪਰਮੇਸ਼ੁਰ ਨੇ ਬਾਰ-ਬਾਰ ਆਪਣੇ ਲੋਕਾਂ ਦੇ ਦੁਸ਼ਮਣਾਂ ਨੂੰ ਗੜਿਆਂ ਦੇ ਨਾਲ ਸਜ਼ਾ ਦਿੱਤੀ . . . ਗੜੇ ਪਰਮੇਸ਼ੁਰ ਦੇ ਬਦਲੇ ਦੇ ਪ੍ਰਵਾਨਤ ਹਥਿਆਰਾਂ ਦਾ ਇੱਕ ਹਿੱਸਾ ਸੀ।"[37] ਪਾਠਕ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਆਇਤ 21 ਭਵਿੱਖ ਵਿਚ ਅਕਾਸ਼ ਤੋਂ ਕੋਈ ਸੌ

ਸੌ ਮਣ ਦੇ ਗੜਿਆਂ ਦੇ ਅਕਾਸ਼ ਤੋਂ ਵਰਨ ਦੀ ਭਵਿੱਖਵਾਣੀ ਨਹੀਂ ਕਰ ਰਹੀ ਹੈ। ਬਲਕਿ, ਇਹ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਪਾਪ ਪਰਮੇਸ਼ੁਰ ਨੂੰ ਕਿੰਨਾ ਦੁਖੀ ਕਰਦਾ ਹੈ।

ਦੁਬਾਰਾ ਫਿਰ, ਉਨ੍ਹਾਂ ਲੋਕਾਂ ਦੇ ਕੋਲੋਂ ਉਹੀ ਅਜੀਬ ਪ੍ਰਤਿਕਿਰਿਆ ਕੀਤੀ ਜਾਂਦੀ ਹੈ ਜਿਨ੍ਹਾਂ ਨੂੰ ਸਜ਼ਾ ਦਿੱਤੀ ਗਈ ਸੀ: **ਅਤੇ ਗੜਿਆਂ ਦੀ ਬਵਾ ਦੇ ਮਾਰੇ ਮਨੁੱਖਾਂ ਨੇ ਪਰਮੇਸ਼ੁਰ ਉੱਤੇ ਕੁਫ਼ਰ ਬਕਿਆ ਕਿਉਂ ਜੋ ਓਹਨਾਂ ਦੀ ਬਵਾ ਡਾਢੀ ਕਰੜੀ ਹੈ।** ਉਹ ਆਪਣੇ ਸਿਰ ਉੱਤੇ ਆਪੇ ਮੁਸੀਬਤਾਂ ਲਿਆਏ ਸਨ (ਜ਼ਬੂਰਾਂ ਦੀ ਪੋਥੀ 7:16), ਪਰ ਤਾਂ ਵੀ ਉਨ੍ਹਾਂ ਨੇ ਪਰਮੇਸ਼ੁਰ ਨੂੰ ਇਸ ਦਾ ਦੋਸ਼ ਲਗਾਇਆ ਸੀ।

# ਪ੍ਰਾਸੰਗਿਕਤਾ

### ਨਿਆਂ (ਅਧਿਆਇ 16)

ਸਾਨੂੰ ਸਾਰਿਆਂ ਨੂੰ ਅਧਿਆਇ 16 ਤੋਂ ਕੁਝ ਸਬਕ ਸਿੱਖਣਾ ਚਾਹੀਦਾ ਹੈ: (1) ਨਿਆਂ ਨਿਸ਼ਚਤ ਹੈ। (2) ਪਰਮੇਸ਼ੁਰ ਸਾਰੇ ਲੋਕਾਂ ਨੂੰ ਆਪਣੇ ਕੋਲ ਲਿਆਉਣਾ ਚਾਹੁੰਦਾ ਹੈ ਅਤੇ ਉਹ ਸਾਨੂੰ ਵਾਪਸ ਲਿਆਉਣ ਦੇ ਲਈ ਹਰ ਸੰਭਵ ਕੋਸ਼ਿਸ਼ ਕਰਦਾ ਹੈ। (3) ਜੇਕਰ ਅਸੀਂ ਉਸ ਦੀ ਦਯਾ ਨੂੰ ਅਸਵੀਕਾਰ ਕਰਦੇ ਰਹਾਂਗੇ, ਤਾਂ ਸਾਡੇ ਦਿਲ ਕਠੋਰ ਹੋ ਜਾਣਗੇ। (4) ਜਦੋਂ ਅਜਿਹਾ ਹੋਵੇਗਾ ਤਾਂ ਸਾਡੇ ਕੋਲ ਉਸ ਦੇ ਕ੍ਰੋਧ ਦਾ ਸਾਹਮਣਾ ਕਰਨ ਤੋਂ ਇਲਾਵਾ ਹੋਰ ਕੋਈ ਵਿਕਲਪ ਨਹੀਂ ਰਹਿ ਜਾਂਦਾ ਹੈ। ਜਦੋਂ ਅਜਿਹਾ ਹੁੰਦਾ ਹੈ ਤਾਂ ਸਾਨੂੰ ਇਬਰਾਨੀਆਂ 10:31 ਦੀ ਸੱਚਾਈ ਦਾ ਪਤਾ ਲੱਗ ਜਾਵੇਗਾ: "ਜੀਉਂਦੇ ਪਰਮੇਸ਼ੁਰ ਦੇ ਹੱਥ ਵਿਚ ਪੈਣਾ ਭਿਆਨਕ ਗੱਲ ਹੈ"! ਪਰ ਕੋਈ ਵਿਰੋਧ ਕਰ ਸਕਦਾ ਹੈ ਕਿ, "ਪਰ ਨਿਸ਼ਚਤ ਰੂਪ ਵਿਚ ਪਰਮੇਸ਼ੁਰ ਦੇ ਹੱਥ ਵਿਚ ਪੈਣਾ *ਇੰਨਾ* ਬੁਰਾ ਨਹੀਂ ਹੈ।" ਜੇਕਰ ਤੁਹਾਨੂੰ ਨਹੀਂ ਲੱਗਦਾ ਹੈ ਕਿ ਇਹ ਵਿਸ਼ਵਾਸ ਕਰਨ ਤੋਂ ਪਰੇ ਭਿਆਨਕ ਹੋਵੇਗਾ ਤਾਂ ਸੱਤਾਂ ਕਟੋਰਿਆਂ ਨੂੰ ਵੇਖੋ।

ਇਸ ਅਧਿਆਇ ਉੱਤੇ ਇੱਕ ਸਬਕ ਨੂੰ ਵਿਕਸਿਤ ਕਰਨ ਦੇ ਲਈ ਹੇਠਾਂ ਦਿੱਤੇ ਸਿਰਲੇਖਾਂ ਨੂੰ ਵਰਤਿਆ ਜਾ ਸਕਦਾ ਹੈ: "ਸਾਡਾ ਪਰਮੇਸ਼ੁਰ ਇੱਕ ਭਸਮ ਕਰਨ ਵਾਲੀ ਅੱਗ ਹੈ" (ਇਬਰਾਨੀਆਂ 12:29); "ਜਦੋਂ ਪਰਮੇਸ਼ੁਰ ਕਹਿੰਦਾ ਹੈ, 'ਉਹ ਬਹੁਤ ਹੈ!'"; "ਜਦੋਂ ਪਰਮੇਸ਼ੁਰ ਨਿਆਂ ਦੇ ਲਈ ਹਰੀ ਬੱਤੀ ਦਿੰਦਾ ਹੈ"; "ਨਾ ਪਰਤ ਸਕਣ ਦਾ ਸਥਾਨ।" ਬੈਟ-ਸੈਲ ਬੈਰੇਟ ਬੈਕਸਟਰ ਤੋਂ ਇੱਕ ਇਸ਼ਾਰਾ ਲੈਂਦੇ ਹੋਏ, ਅਜਿਹੇ ਪਾਠ ਨੂੰ "ਪਰਮੇਸ਼ੁਰ ਦੀ ਤੂਫਾਨੀ ਉੱਤਰ ਦਿਸ਼ਾ ਕਿਹਾ ਜਾਂਦਾ ਹੈ।"

### ਯਾਦ ਕਰੋ (16:1-9)

ਕ੍ਰੋਧ ਦੇ ਪਹਿਲੇ ਚਾਰ ਕਟੋਰਿਆਂ (16:1-9) ਦੇ ਅਧਿਐਨ ਦੇ ਦੁਆਰਾ ਕਿਸੇ ਨੂੰ ਵੀ ਇਹ ਸਮਝ ਜਾਣਾ ਚਾਹੀਦਾ ਹੈ ਕਿ ਇਹ ਭਿਆਨਕ ਗੱਲ ਹੈ ਕਿ ਪਰਮੇਸ਼ੁਰ ਸਾਡੇ ਪਾਪਾਂ ਨੂੰ ਯਾਦ ਰੱਖਦਾ ਹੈ। "ਪਰ ਤੁਸੀਂ ਚਿੱਲਾ ਸਕਦੇ ਹੋ। ਪਰ ਮੈਂ ਪਾਪ ਕੀਤਾ ਹੈ!" "ਮੈਨੂੰ ਕੀ ਆਸ ਹੈ?" ਪਰਕਾਸ਼ ਦੀ ਪੋਥੀ 16:9 ਨੂੰ ਇਬਰਾਨੀਆਂ 8:10-12 ਦੇ ਨਾਲ ਸੰਤੁਲਿਤ ਕਰਨਾ ਜ਼ਰੂਰੀ ਹੈ:

> ਏਹ ਉਹ ਨੇਮ ਹੈ ਜਿਹੜਾ ਮੈਂ . . . ਨਾਲ ਬੰਨ੍ਹਾਂਗਾ, ਉਨ੍ਹਾਂ ਦਿਨਾਂ ਦੇ ਮਗਰੋਂ, ਪ੍ਰਭੁ ਆਖਦਾ ਹੈ: ਮੈਂ ਆਪਣੇ ਕਾਨੂਨ ਉਹਨਾਂ ਦਿਆਂ ਮਨਾਂ ਵਿੱਚ ਪਾਵਾਂਗਾ, ਅਤੇ ਓਹਨਾਂ ਦਿਆਂ ਹਿਰਦਿਆਂ ਉੱਤੇ ਉਨ੍ਹਾਂ ਨੂੰ ਲਿਖਾਂਗਾ। ਮੈਂ ਓਹਨਾਂ ਦਾ ਪਰਮੇਸ਼ੁਰ ਹੋਵਾਂਗਾ, ਅਤੇ ਓਹ ਮੇਰੀ ਪਰਜਾ ਹੋਣਗੇ। . . . । ਮੈਂ ਤਾਂ ਓਹਨਾਂ ਦੇ ਕੁਧਰਮਾਂ ਉੱਤੇ ਤਰਸਵਾਨ ਹੋਵਾਂਗਾ, *ਅਤੇ ਓਹਨਾਂ ਦੇ ਪਾਪਾਂ ਨੂੰ ਫੇਰ ਕਦੇ ਚੇਤੇ ਨਾ ਕਰਾਂਗਾ*। (ਜ਼ੋਰ ਦਿੱਤਾ ਗਿਆ ਹੈ।)

ਤੁਸੀਂ ਇਸ ਗੱਲ ਨੂੰ ਕਿਵੇਂ ਨਿਸ਼ਚਤ ਕਰ ਸਕਦੇ ਹੋ ਕਿ ਪਰਮੇਸ਼ੁਰ ਨਿਆਂ ਦੇ ਸਮੇਂ ਤੁਹਾਡੇ ਪਾਪਾਂ ਨੂੰ ਯਾਦ *ਨਹੀਂ* ਕਰੇਗਾ? ਸਭ ਤੋਂ ਪਹਿਲਾਂ, ਤੁਸੀਂ ਜੋ ਗਲਤ ਕੀਤਾ ਹੈ ਉਸ ਨੂੰ ਯਾਦ ਕਰੋ (ਹਿਜ਼ਕੀਏਲ 36:31), ਅਤੇ ਆਪਣੇ ਪਾਪਾਂ ਤੋਂ ਤੋਬਾ ਕਰੋ (ਲੂਕਾ 13:3)। ਉਸ ਤੋਂ ਬਾਅਦ, ਇਸ ਗੱਲ ਨੂੰ ਯਾਦ ਕਰੋ ਕਿ ਪਰਮੇਸ਼ੁਰ ਨੇ ਤੁਹਾਡੇ ਲਈ ਕੀ ਕੀਤਾ ਹੈ (2 ਤਿਮੋਥਿਉਸ 2:8), ਅਤੇ ਪ੍ਰੇਮ ਅਤੇ ਵਿਸ਼ਵਾਸ ਦੇ ਨਾਲ ਉਸ ਦੇ ਵੱਲ ਮੁੜੋ (ਯੂਹੰਨਾ 3:16)। ਫਿਰ, ਯਾਦ ਕਰੋ ਕਿ ਬਾਈਬਲ ਕੀ ਸਿਖਾਉਂਦੀ ਹੈ (ਯਹੂਦਾਹ 17), ਅਤੇ ਬਪਤਿਸਮਾ ਲੈਣ ਦੇ ਦੁਆਰਾ ਪ੍ਰਭੂ ਦੇ ਹੁਕਮ ਦਾ ਪਾਲਣ ਕਰੋ (ਰਸੂਲਾਂ ਦੇ ਕਰਤੱਬ 2:38)। ਆਖਿਰਕਾਰ, ਇੱਕ ਵਿਸ਼ਵਾਸਯੋਗ ਮਸੀਹੀ ਜੀਵਨ ਜੀਓ, ਇਸ ਗੱਲ ਦੀ ਯਾਦ ਨੂੰ ਜ਼ਿੰਦਾ ਰੱਖਦੇ ਹੋਏ ਕਿ ਉਸ ਨੂੰ ਪਿਆਰ ਕਰਨ ਅਤੇ ਉਸ ਦੀ ਸੇਵਾ ਕਰਨ ਦਾ ਕੀ ਅਰਥ ਹੈ (ਪਰਕਾਸ਼ ਦੀ ਪੋਥੀ 2:5)। ਤਾਂ ਤੁਸੀਂ ਪਰਮੇਸ਼ੁਰ ਦੀ "ਯਾਦਗੀਰੀ ਦੀ ਉਸ ਪੁਸਤਕ" ਵਿਚ ਹੋਵੋਗੇ, ਜਿਸ ਵਿਚ ਉਨ੍ਹਾਂ ਦਾ ਲੇਖਾ ਹੈ ਜੋ ਉਸ ਦਾ ਡਰ ਰੱਖਦੇ ਅਤੇ ਉਸ ਦੇ ਨਾਮ ਦਾ ਆਦਰ ਕਰਦੇ ਹਨ (ਮਲਾਕੀ 3:16)।

ਇਹ ਕਿਹਾ ਗਿਆ ਹੈ ਕਿ "ਉਸ ਤੋਂ ਭੱਜਣ ਦਾ ਇੱਕੋ ਇੱਕ ਤਰੀਕਾ ਹੈ ਉਸ ਦੇ ਵੱਲ ਭੱਜ ਜਾਣਾ।"[38] ਪਰਮੇਸ਼ੁਰ ਦੇ ਕ੍ਰੋਧ ਤੋਂ ਭੱਜਣ ਦਾ ਇੱਕੋ ਇੱਕ ਤਰੀਕਾ ਹੈ ਉਸ ਦੀ ਦਯਾ ਵੱਲ ਭੱਜਣਾ। ਪਰਮੇਸ਼ੁਰ ਤੁਹਾਨੂੰ ਬਚਾਉਣਾ ਚਾਹੁੰਦਾ ਹੈ, ਪਰ ਤੁਹਾਨੂੰ ਜ਼ਰੂਰ ਵਿਸ਼ਵਾਸ ਅਤੇ ਆਗਿਆਕਾਰੀ ਦੇ ਨਾਲ ਉਸ ਦੇ ਕੋਲ ਆਉਣਾ ਪਵੇਗਾ।

### ਪਾਪ ਦੀ ਬਦਬੂ (16:3)

ਤਾਂ "ਦੂਏ ਨੇ ਆਪਣਾ ਕਟੋਰਾ ਸਮੁੰਦਰ ਉੱਤੇ ਉਲੱਦ ਦਿੱਤਾ।" ਤਾਂ ਓਹ ਮੁਰਦੇ ਦੇ ਲਹੂ ਜਿਹਾ ਬਣ ਗਿਆ ਅਤੇ "ਹਰੇਕ ਜੀਉਂਦੀ ਜਾਨ ਜਿਹੜੀ ਸਮੁੰਦਰ ਵਿੱਚ ਸੀ ਮਰ ਗਈ" (16:3)। ਇਹ ਕਟੋਰਾ ਵਿਦਰੋਹੀ ਮਿਸਰ ਦੇ ਖਿਲਾਫ਼ ਭੇਜੀ ਗਈ ਪਹਿਲੀ ਬਵਾ ਦੀ ਯਾਦ ਦਿਵਾਉਂਦਾ ਹੈ। ਆਪਣੇ ਦਾਸਾਂ ਮੂਸਾ ਅਤੇ ਹਾਰੂਨ ਦੇ ਰਾਹੀਂ, ਪਰਮੇਸ਼ੁਰ ਨੇ ਨੀਲ ਨਦੀ ਅਤੇ ਹੋਰ ਪਾਣੀ ਦਿਆਂ ਸੋਮਿਆਂ ਨੂੰ ਲਹੂ ਵਿਚ ਬਦਲ ਦਿੱਤਾ। ਇਸ ਬਵਾ ਦੇ ਸਿੱਟੇ ਵਜੋਂ, "ਅਤੇ ਮੱਛੀਆਂ ਜਿਹੜੀਆਂ ਦਰਿਆ ਵਿੱਚ ਸਨ ਮਰ ਗਈਆਂ ਅਰ ਦਰਿਆ ਤੋਂ ਸੜਿਆਂਹਣ ਆਈ ਅਰ ਮਿਸਰੀ ਦਰਿਆ ਦਾ ਪਾਣੀ ਪੀ ਨਾ ਸੱਕਦੇ ਸਨ" (ਕੂਚ 7:21; NIV)। ਪ੍ਰਭੂ ਵੱਲੋਂ ਅਜਿਹੇ ਨਿਆਂ ਅਣਆਗਿਆਕਾਰੀ ਦੇ ਲਈ ਉਚਿਤ ਭੁਗਤਾਨ ਹਨ।

ਇਸ ਨੂੰ ਸਪੱਸ਼ਟ ਰੂਪ ਦੇ ਨਾਲ ਰੱਖਣ ਦੇ ਲਈ, ਕਿ ਪਾਪ ਬਦਬੂ ਕਰਦਾ ਹੈ! ਇੱਕ ਵਾਰ ਇੱਕ ਪ੍ਰਚਾਰਕ ਨੂੰ ਸ਼ਹਿਰ ਦੇ ਉਸ ਹਿੱਸੇ ਵਿਚ ਬੁਲਾਇਆ ਗਿਆ ਜਿੱਥੇ ਲੋਕਾਂ ਨੇ ਮਨੁੱਖੀ ਅਤੇ ਪਰਮੇਸ਼ੁਰ ਦੇ ਨਿਯਮਾਂ ਦਾ ਸਤਿਕਾਰ ਬਹੁਤ ਹੀ ਘੱਟ ਕਰਦੇ ਸਨ। ਜਿਵੇਂ ਹੀ ਉਸ ਨੇ ਚਾਰ-ਚੁਫੇਰੇ ਵੇਖਿਆ, ਤਾਂ ਉਸ ਨੇ ਟਿੱਪਣੀ ਕੀਤੀ, "ਮੈਨੂੰ ਇਸ ਸਥਾਨ ਤੋਂ ਪਾਪ ਦੀ ਬੋ ਆ ਰਹੀ ਹੈ!" ਪਾਪ ਦੀ ਸ਼ਾਇਦ ਕੋਈ ਵਿਸ਼ੇਸ਼ ਬਦਬੂ ਨਹੀਂ ਹੋ ਸਕਦੀ ਹੈ, ਪਰ ਇਹ ਧਰਮੀ ਲੋਕਾਂ ਅਤੇ ਖੁਦ ਪਰਮੇਸ਼ੁਰ ਦੀਆਂ ਨਾਸਾਂ ਵਿਚ ਸਾਹ ਕ ਲੈਂਦਾ ਹੈ।

### ਉਚਿਤ ਸਜ਼ਾ (16:6)

ਮਸੀਹੀਆਂ ਦਾ ਲਹੂ ਵਹਾ ਚੁੱਕਣ ਤੋਂ ਬਾਅਦ ਪਰਮੇਸ਼ੁਰ ਦੇ ਦੁਸ਼ਮਣਾਂ ਨੂੰ ਪੀਣ ਦੇ ਲਈ ਲਹੂ ਦਿੱਤਾ ਗਿਆ ਸੀ (16:6)। ਇਹ ਸਜ਼ਾ ਸਾਨੂੰ ਫਰਾਂਸਿਸਕੋ ਪਿਜ਼ਰੋ ਦੀ ਕਹਾਣੀ ਦੀ ਯਾਦ ਦਿਵਾਉਂਦੀ ਹੈ, ਜੋ ਇੱਕ ਸਪੇਨੀ ਖੋਜ ਕਰਤਾ ਸੀ ਜਿਸ ਨੇ ਸੋਨੇ ਦੇ ਪ੍ਰਤਿ ਆਪਣੇ ਪਿਆਰ ਦੇ ਕਾਰਨ ਦੱਖਣੀ ਅਮਰੀਕਾ ਵਿਚ ਇਨਕਾ ਸਾਮਰਾਜ ਨੂੰ ਨਾਸ ਕਰ ਦਿੱਤਾ ਸੀ। ਦੰਦ ਕਥਾ ਦੇ

ਅਨੁਸਾਰ, ਜਦੋਂ ਪਿਜ਼ਰੋ ਨੂੰ ਮਾਰਿਆ ਗਿਆ, ਤਾਂ ਉਸ ਦੇ ਦੁਸ਼ਮਣਾਂ ਨੇ ਉਸ ਦੇ ਗਲੇ ਦੇ ਅੰਦਰ, ਇਹ ਕਹਿੰਦੇ ਹੋਏ ਸੋਨਾ ਪਾ ਦਿੱਤਾ, "ਤੂੰ ਜੋ ਚਾਹੁੰਦਾ ਸੀ; ਤੈਨੂੰ ਸੋਨਾ ਮਿਲੇਗਾ!"[39]

### ਪਰਮੇਸ਼ੁਰ ਦਾ ਨਿਆਂ (16:7)

ਪਰਕਾਸ਼ ਦੀ ਪੋਥੀ ਦੇ ਮੂਲ ਪਾਠਕਾਂ ਦੇ ਲਈ ਇਹ ਜ਼ਰੂਰੀ ਸੀ ਕਿ ਉਹ ਇਹ ਜਾਣਨ ਕਿ ਜਦੋਂ ਸਮਾਂ ਆਵੇਗਾ ਤਾਂ ਪਰਮੇਸ਼ੁਰ ਸਾਰੀਆਂ ਗਲਤ ਚੀਜ਼ਾਂ ਨੂੰ ਸਹੀ ਕਰੇਗਾ ਅਤੇ ਆਪਣੇ ਲੋਕਾਂ ਨੂੰ ਸਹੀ ਸਾਬਤ ਕਰੇਗਾ। ਅੱਜ ਵੀ ਸਾਡੇ ਲਈ ਇਸ ਤੱਥ ਨੂੰ ਯਾਦ ਰੱਖਣਾ ਜ਼ਰੂਰੀ ਹੈ। ਮੈਕਗਿਊਗਨ ਨੇ ਲਿਖਿਆ ਹੈ,

> ਆਓ ਇਸ ਨੂੰ ਜ਼ੋਰ ਨਾਲ ਬੋਲੀਏ: ਨਿਆਂ ਕੀਤਾ ਜਾਵੇਗਾ। ਧਰਤੀ ਉੱਤੇ ਕੀਤੀ ਹਰ ਬੁਰਾਈ ਦੇ ਲਈ, ਹਿਸਾਬ-ਕਿਤਾਬ ਦਾ ਦਿਨ ਆਵੇਗਾ। ਉਨ੍ਹਾਂ ਸਾਰੇ ਛੋਟੇ ਮੁੰਡੇ-ਕੁੜੀਆਂ ਦੇ ਲਈ ਜੋ ਕਿਸੇ ਯਤੀਮ ਖਾਨੇ ਦੀ ਇੱਕ ਨੁੱਕਰ ਵਿਚ ਬੈਠ ਕੇ ਇਹ ਸੋਚਦੇ ਹਨ ਕਿ ਕੀ ਗਲਤ ਹੋ ਰਿਹਾ ਹੈ; ਸਾਰੀਆਂ ਸਖਤ ਮੇਹਨਤ ਕਰਨ ਵਾਲੀਆਂ ਪਤਨੀਆਂ ਦੇ ਲਈ ਜੋ ਸ਼ਰਾਬੀ ਮੰਗਤਿਆਂ ਦੇ ਕੁਚਲਣ ਵਾਲੇ ਪੈਰਾਂ ਅਤੇ ਹੱਥਾਂ ਦੇ ਅਧੀਨ ਬੇਹੋਸ਼ ਪਈਆਂ ਹਨ . . . ਸਾਰੀਆਂ ਉਨ੍ਹਾਂ ਜਵਾਨ ਲੜਕੀਆਂ ਦੇ ਲਈ ਜਿਨ੍ਹਾਂ ਦਾ ਸ਼ੋਸ਼ਣ ਕੀਤਾ ਗਿਆ ਹੈ ਅਤੇ ਜੋ ਡਰੀਆਂ ਹੋਈਆਂ ਹਨ ਜਿਨ੍ਹਾਂ ਦਾ ਜੀਵਨ ਸ਼ਰਮ ਅਤੇ ਨਿਰਾਦਰ ਨਾਲ ਭਰਿਆ ਹੋਇਆ ਹੈ; ਸਾਰਿਆਂ ਗਰੀਬਾਂ ਦੇ ਲਈ ਜੋ ਕਰਜ਼ੇ ਦੀਆਂ ਸ਼ਾਰਕਾਂ ਦੀ ਪੀਸਣ ਵਾਲੀ ਸ਼ਕਤੀ ਦੇ ਹੇਠ ਪੀਸੇ ਜਾ ਰਹੇ ਹਨ . . . ਉਨ੍ਹਾਂ ਸਾਰੇ ਬੱਚਿਆਂ ਦੇ ਲਈ ਜੋ [ਵਿਆਹ ਤੋਂ ਬਾਹਰ] ਪੈਦਾ ਹੋਏ ਸਨ ਅਤੇ [ਜੋ] ਅਤੇ ਬਦਨਾਮੀ ਦੇ ਵਿਚ ਪਲੇ ਹਨ – ਇਨ੍ਹਾਂ ਦੇ ਲਈ ਇੱਕ ਦਿਨ ਆਵੇਗਾ! ਨਿਆਂ ਦਾ ਨਤੀਜਾ ਨਿਕਲੇਗਾ। . . . ਜੇਕਰ ਕੋਈ ਪਰਮੇਸ਼ੁਰ ਹੈ, ਤਾਂ ਜ਼ਰੂਰ ਨਿਆਂ ਦਾ ਦਿਨ ਹੋਵੇਗਾ। ਅਤੇ ਉਸ ਦਿਨ ਦੇ ਵਿਚ, ਵੇਦੀ ਦੁਹਾਈ ਦੇਵੇਗੀ, ਹਾਂ, ਪ੍ਰਭੂ![40]

### ਦੋਸ਼ (16:10, 11)

ਸਮੇਂ ਦੀ ਸ਼ੁਰੂਆਤ ਤੋਂ ਹੀ, ਮਨੁੱਖ ਨੇ ਆਪਣੀਆਂ ਮੁਸੀਬਤਾਂ ਦੇ ਲਈ ਦੂਜਿਆਂ ਤੇ ਦੋਸ਼ ਲਾਉਣ ਦੀ ਕੋਸ਼ਿਸ਼ ਕੀਤੀ ਹੈ: ਆਦਮ ਨੇ ਆਪਣੇ ਪਾਪ ਦੇ ਲਈ ਹੱਵਾਹ ਉੱਤੇ ਦੋਸ਼ ਲਾਇਆ, ਅਤੇ ਹੱਵਾਹ ਨੇ ਸੱਪ ਦੇ ਉੱਤੇ (ਉਤਪਤ 3:12, 13)। ਜਦੋਂ ਹਾਰੂਨ ਸੋਨੇ ਦੇ ਵੱਛੇ ਦੇ ਨਾਲ ਫੜਿਆ ਗਿਆ ਸੀ, ਤਾਂ ਉਸ ਨੇ ਲੋਕਾਂ ਉੱਤੇ ਦੋਸ਼ ਲਾਇਆ (ਕੂਚ 32:22, 23)। ਜਦੋਂ ਇਸਰਾਈਲ ਦੇ ਵਿਚ ਮੀਂਹ ਨਹੀਂ ਸੀ ਵਰ੍ਹਿਆ, ਤਾਂ ਰਾਜਾ ਅਹਾਬ ਏਲੀਆਯਾਹ ਨਬੀ ਉੱਤੇ ਦੋਸ਼ ਲਾਇਆ (1 ਰਾਜਿਆਂ 18:17)।

ਆਧੁਨਿਕ ਸਮੇਂ ਵਿਚ, ਲੋਕ ਆਪਣੀਆਂ ਮੁਸ਼ਕਲਾਂ ਦੇ ਲਈ ਆਪਣੇ ਮਾਤਾ-ਪਿਤਾ ਨੂੰ, ਜੀਵਨ ਸਾਥੀ ਨੂੰ, ਸਕੂਲਾਂ ਨੂੰ, ਗਿਰਜਿਆਂ ਨੂੰ, ਸਰਕਾਰਾਂ ਨੂੰ, ਇੱਥੋਂ ਤਕ ਕਿ ਪਰਮੇਸ਼ੁਰ ਨੂੰ ਅਤੇ ਆਪਣੇ ਆਪ ਨੂੰ ਛੱਡ ਕੇ ਹਰ ਕਿਸੇ ਨੂੰ ਅਤੇ ਕਿਸੇ ਦੇ ਵੀ ਉੱਤੇ ਦੋਸ਼ ਲਾ ਦਿੰਦੇ ਹਨ। ਫਿਰ ਵੀ, ਬਾਈਬਲ ਸਾਨੂੰ ਸਿਖਾਉਂਦੀ ਹੈ ਕਿ ਅਸੀਂ ਆਪਣੇ ਕੰਮਾਂ ਦੇ ਲਈ ਆਪ ਜ਼ਿੰਮੇਵਾਰ ਹਾਂ: "ਜਿਹੜੀ ਜਾਨ ਪਾਪ ਕਰਦੀ ਹੈ, ਉਹੀ ਮਰੇਗੀ। ਪੁੱਤ੍ਰ ਪਿਉ ਦੀ ਬਦੀ ਚੁੱਕੇਗਾ, ਨਾ ਪਿਉ ਪੁੱਤ੍ਰ ਦੀ ਬਦੀ ਚੁੱਕੇਗਾ। . . . ਅਤੇ ਦੁਸ਼ਟੀ ਦਾ ਦੁਸ਼ਟ ਉਹ ਦੇ ਉੱਤੇ" (ਹਿਜ਼ਕੀਏਲ 18:20)।

ਅਸੀਂ ਸਾਰੇ ਆਪਣੇ ਜੀਵਨਾਂ ਵਿਚ ਕਈ ਵੱਖਰੇ-ਵੱਖਰੇ ਕਾਰਕਾਂ ਦੇ ਕਾਰਨ ਪ੍ਰਭਾਵਿਤ ਹੁੰਦੇ ਹਾਂ, ਅਤੇ ਹਮੇਸ਼ਾ ਉਨ੍ਹਾਂ ਪਰੇਸ਼ਾਨੀਆਂ ਦੇ ਲਈ ਜੋ ਸਾਨੂੰ ਸਤਾਉਂਦੀਆਂ ਹਨ ਹਮੇਸ਼ਾ ਵਿਅਕਤੀਗਤ ਤੌਰ ਤੇ ਜ਼ਿੰਮੇਵਾਰ ਨਹੀਂ ਹੁੰਦੇ ਹਾਂ। ਪਰ ਤੱਥ ਬਣਿਆ ਹੋਇਆ ਹੈ, ਕਿ ਅਸੀਂ ਇਸ ਗੱਲ ਦੇ ਲਈ ਜ਼ਿੰਮੇਵਾਰ *ਹਾਂ* ਕਿ ਅਸੀਂ ਆਪਣੇ ਰਾਹ ਵਿਚ ਆਉਣ ਵਾਲੀਆਂ ਮੁਸੀਬਤਾਂ ਦੇ ਪ੍ਰਤੀ ਕਿਸ ਪ੍ਰਕਾਰ

*ਕਿਰਿਆ* ਕਰਦੇ ਹਾਂ, ਅਤੇ ਇਸ ਗੱਲ ਦੇ ਲਈ ਵੀ ਜ਼ਿੰਮੇਵਾਰ *ਹਾਂ* ਕਿ ਇਹ ਮੁਸੀਬਤਾਂ ਸਾਡੀਆਂ ਧੌਣਾਂ ਦੇ ਲਈ ਮੀਲ ਪੱਥਰ ਦੇ ਵਾਂਗ ਹਨ ਜਾਂ ਕਿਸੇ ਹੋਰ ਵਧੀਆ ਚੀਜ਼ ਵੱਲ ਵੱਧਣ ਦੇ ਲਈ ਕਦਮ ਰੱਖਣ ਦੇ ਪੱਥਰ ਹਨ। ਰੋ ਰਹੀ ਜਨਤਾ ਦਾ ਦਰਸ਼ਣ, "ਹਾਇ ਮੇਰੇ ਉੱਤੇ!" ਕਹਿਣਾ ਵੀ ਸਭ ਤੋਂ ਨੀਚਾ ਦਿਖਾਉਣਾ ਹੈ। ਉਹ ਵਿਅਕਤੀ ਜਿਸ ਦਾ ਵਿਸ਼ਵਾਸ ਪਰਮੇਸ਼ੁਰ ਉੱਤੇ ਹੈ ਉਹ ਜਾਣਦਾ ਹੈ ਕਿ "ਸਾਰੀਆਂ ਵਸਤਾਂ ਰਲ ਕੇ ਓਹਨਾਂ ਦਾ ਭਲਾ ਕਰਦੀਆਂ ਹਨ" (ਰੋਮੀਆਂ 8:28) ਆਪਣੀਆਂ ਸਾਰੀਆਂ ਚੇਤਾਵਨੀਆਂ ਦੇ ਬਾਵਜੂਦ, ਵਿਸ਼ਵਾਸਯੋਗ ਮਸੀਹੀ ਕਹਿ ਸਕਦਾ ਹੈ, "ਉਹ ਦੇ ਵਿੱਚ ਜੋ ਮੈਨੂੰ ਬਲ ਦਿੰਦਾ ਹੈ ਮੈਂ ਸੱਭੋ ਕੁਝ ਕਰ ਸੱਕਦਾ ਹਾਂ" (ਫ਼ਿਲਿੱਪੀਆਂ 4:13)।

ਤਿੰਨ ਕਟੋਰੇ ਯਿਰਮਿਯਾਹ 25:14 ਵਿਚਲੇ ਪਰਮੇਸ਼ੁਰ ਦੇ ਕਥਨ ਦੀ ਸੱਚਾਈ ਨੂੰ ਦਰਸਾਉਂਦੇ ਹਨ: "ਮੈਂ ਓਹਨਾਂ ਦੀ ਕਰਨੀ ਦਾ ਅਤੇ ਓਹਨਾਂ ਦੇ ਹੱਥਾਂ ਦੇ ਕੰਮ ਦਾ ਬਦਲਾ ਲਵਾਂਗਾ।" ਕਟੋਰੇ ਬਹੁਤ ਸਾਰੇ ਲੋਕਾਂ ਦੁਆਰਾ ਪ੍ਰਭੂ ਦੇ ਨਿਆਂਵਾਂ ਨੂੰ ਸਵੀਕਾਰ ਨਾ ਕਰਨ ਦੀ ਇੱਛਾ ਉੱਤੇ ਵੀ ਜ਼ੋਰ ਦਿੰਦੇ ਹਨ। ਅਸੀਂ ਉਨ੍ਹਾਂ ਦੀ ਦੁੱਖ ਭਰੀ ਉਦਾਹਰਣ ਤੋਂ ਸਿੱਖ ਸਕਦੇ ਹਾਂ; ਕਿ ਸਾਨੂੰ ਆਪਣੇ ਖੁਦ ਦੇ ਕੰਮਾਂ ਦੀ ਜ਼ਿੰਮੇਵਾਰੀ ਕਿਵੇਂ ਲੈਣੀ ਚਾਹੀਦੀ ਹੈ। ਇੱਕ ਦਿਨ "ਸੋ ਸਾਡੇ ਵਿੱਚੋਂ ਹਰੇਕ ਨੇ ਪਰਮੇਸ਼ੁਰ ਨੂੰ *ਆਪੋ ਆਪਣਾ* ਲੇਖਾ ਦੇਣਾ ਹੈ" (ਰੋਮੀਆਂ 14:12; ਜ਼ੋਰ ਦਿੱਤਾ ਗਿਆ ਹੈ)।

ਜੇਕਰ ਅਸੀਂ ਅਧਿਆਇ 16 ਤੋਂ ਕੁਝ ਵੀ ਨਹੀਂ ਸਿਖ ਸਕਦੇ, ਤਾਂ ਸਾਨੂੰ ਇਹ ਸਿੱਖਣਾ ਚਾਹੀਦਾ ਹੈ ਕਿ ਅਸੀਂ ਆਪਣੀਆਂ ਮੁਸ਼ਕਲਾਂ ਦੇ ਲਈ ਪਰਮੇਸ਼ੁਰ ਨੂੰ ਦੋਸ਼ ਦੇਣਾ ਨਾ ਸਿੱਖੀਏ। ਇਨ੍ਹਾਂ ਵਿਚੋਂ ਕੁਝ ਇਸ ਪਾਪੀ ਸੰਸਾਰ ਵਿਚ ਰਹਿਣ ਦੇ ਕਾਰਨ ਹਨ (ਉਤਪਤ 3:17-19)। ਕੁਝ ਪਾਪੀ ਲੋਕਾਂ ਦੇ ਨਾਲ ਸੰਗਤੀ ਰੱਖਣ ਦਾ ਸਿੱਟਾ ਹਨ (1 ਕੁਰਿੰਥੀਆਂ 15:33)। ਕੁਝ ਦਾ ਕਾਰਨ ਨਿਜੀ ਤੌਰ ਤੇ ਲਏ ਗਏ ਗਲਤ ਫੈਸਲੇ ਹੋ ਸਕਦੇ ਹਨ (ਗਲਾਤੀਆਂ 6:7) ਭਾਵੇਂ ਸਾਡੇ ਜੀਵਨ ਵਿਚ ਮੁਸੀਬਤਾਂ ਭਰੀਆਂ ਹੋਈਆਂ ਹੋਣ, ਪਰ ਅਸੀਂ ਮੂਰਖਤਾ ਦੇ ਨਾਲ ਪਰਮੇਸ਼ੁਰ ਨੂੰ ਦੋਸ਼ ਨਾ ਦੇਈਏ (ਵੇਖੋ ਅੱਯੂਬ 1:22; KJV)। "ਕੋਈ ਮਨੁੱਖ ਜਦ ਪਰਤਾਇਆ ਜਾਵੇ ਤਾਂ ਇਹ ਨਾ ਆਖੇ 'ਭਈ ਮੈਂ ਪਰਮੇਸ਼ੁਰ ਵੱਲੋਂ ਪਰਤਾਇਆ ਜਾਂਦਾ ਹਾਂ।' ਕਿਉਂ ਜੋ ਪਰਮੇਸ਼ੁਰ . . . ਨਾ ਉਹ ਆਪ ਕਿਸੇ ਨੂੰ ਪਰਤਾਉਂਦਾ ਹੈ" (ਯਾਕੂਬ 1:13)।[41] ਇਸ ਦੀ ਬਜਾਇ, ਆਓ ਅਸੀਂ ਪਰਮੇਸ਼ੁਰ ਉੱਤੇ ਭਰੋਸਾ ਰੱਖੀਏ ਕਿ ਉਹ ਸਾਨੂੰ ਮੁਸ਼ਕਲ ਦੇ ਸਮੇਂ ਵਿਚ ਲੰਘਾਵੇ, ਅਤੇ ਅਸੀਂ ਉਨ੍ਹਾਂ ਤੋਂ ਕੁਝ ਸਿੱਖੀਏ।

### ਹਰਮਗਿੱਦੋਨ (16:13-16)

16:13-16 ਦੇ ਪਾਠ ਦੇ ਲਈ ਇੱਕ ਸਿਰਲੇਖ ਹੈ "ਯੁੱਧ-ਰਹਿਤ ਹਰਮਗਿੱਦੋਨ" ਜਾਂ ਸਿਰਫ "ਹਰਮਗਿੱਦੋਨ ਹੈ!" ਜੇਕਰ ਤੁਸੀਂ ਹੋਰ ਵਧੇਰੇ ਵਿਅਕਤੀਗਤ ਅਮਲ ਦੇ ਨਾਲ ਇੱਕ ਉਪਦੇਸ਼ ਦਾ ਪ੍ਰਚਾਰ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਇਸ ਵਿਸ਼ੇ ਤੇ ਬੋਲ ਸਕਦੇ ਹੋ "ਉਹ ਯੁੱਧ ਜਿਸ ਦੇ ਵਿਸ਼ੇ ਵਿਚ ਤੁਹਾਨੂੰ ਚਿੰਤਾ ਕਰਨ ਦੀ ਲੋੜ ਨਹੀਂ ਹੈ – ਅਤੇ ਜੋ ਤੁਹਾਨੂੰ ਹੋਣਾ ਚਾਹੀਦਾ ਹੈ।" ਪਾਠ ਦਾ ਪਹਿਲਾ ਹਿੱਸਾ "ਹਰਮਗਿੱਦੋਨ ਦੇ ਯੁੱਧ" ਦੇ ਵਿਸ਼ੇ ਤੇ ਖਰਚ ਕਰੋ ਅਤੇ ਆਖਰੀ ਅੱਧ ਨੂੰ ਵਿਅਕਤੀਗਤ ਦਿਲ ਵਿਚ ਯੁੱਧ ਦੇ ਵਿਸ਼ੇ ਤੇ ਖਰਚ ਕਰੋ। ਵੇਸਟ[42] ਅਤੇ ਬਲਡਿੰਗਰ[43] ਨੇ ਦਿਲ ਦੀ ਲੜਾਈ ਦੇ ਵਿਸ਼ੇ ਵਿਚ ਕੁਝ ਵਧੀਆ ਲਿਖਤਾਂ ਲਿਖੀਆਂ ਹਨ।

### ਯੁੱਧ (16:13-21)

ਜੇਕਰ ਤੁਸੀਂ ਪਰਮੇਸ਼ੁਰ ਦੀ ਵਿਸ਼ਵਾਸਯੋਗ ਸੰਤਾਨ ਹੋ, ਤਾਂ ਤੁਹਾਨੂੰ "ਹਰਮਗਿੱਦੋਨ ਦਾ ਯੁੱਧ" ਕਹੀ ਜਾਣ ਵਾਲੀ ਲੜਾਈ ਤੋਂ ਲੜਣ ਦੀ ਕੋਈ ਲੋੜ ਨਹੀਂ ਹੈ। ਪ੍ਰਭੂ ਉਸ ਲੜਾਈ ਦਾ ਖਿਆਲ

ਰੱਖੇਗਾ। ਦੂਜੇ ਪਾਸੇ ਇੱਕ ਹੋਰ ਯੁੱਧ ਹੈ ਜਿਸ ਦੇ ਵਿਸ਼ੇ ਵਿਚ ਤੁਹਾਨੂੰ ਚਿੰਤਾ ਕਰਨੀ *ਚਾਹੀਦੀ* ਹੈ: "ਹਕੂਮਤਾਂ, ਇਖ਼ਤਿਆਰਾਂ, ਅਤੇ ਇਸ ਅੰਧਕੋਰ ਦੇ ਮਹਾਰਾਜਿਆਂ ਅਤੇ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ ਜੋ ਸੁਰਗੀ ਥਾਵਾਂ ਵਿੱਚ ਹਨ" (ਅਫ਼ਸੀਆਂ 6:12)। ਇਹ "ਗੋਲੀ ਜਾਂ ਬੰਬ ਦਾ ਯੁੱਧ ਨਹੀਂ ਹੈ, ਸਗੋਂ ਰੂਹ ਅਤੇ ਆਤਮਾ ਦਾ ਯੁੱਧ ਹੈ।"[44] ਇਹ ਇੱਕ ਯੁੱਧ ਹੈ "ਜੋ ਮਨੁੱਖੀ ਦਿਲ ਦੇ ਯੁੱਧ ਖੇਤਰਾਂ ਵਿਚ ਲੜਿਆ ਜਾਣ ਵਾਲਾ ਯੁੱਧ"[45] (ਵੇਖੋ ਰੋਮੀਆਂ 7:21)। ਇਹ ਪਰ ਇੱਕ ਦਿਨ ਦੀ ਲੜਾਈ ਹੈ ਜਦੋਂ ਅਸੀਂ ਹਰ ਰੋਜ਼ ਚੁਣਦੇ ਹਾਂ ਕਿ ਅਸੀਂ ਕਿਸ ਦੀ ਸੇਵਾ ਕਰਾਂਗੇ (ਯਹੋਸ਼ੁਆ 24:15)। ਹਾਲਾਂਕਿ, ਇਹ ਇੱਕ ਲੜਾਈ ਹੈ ਜਿਸ ਨੂੰ ਅਸੀਂ ਜਿੱਤ ਸਕਦੇ ਹਾਂ ਜਦੋਂ ਪਰਮੇਸ਼ੁਰ ਸਾਡੇ ਵੱਲ ਹੈ "ਪਰ ਧੰਨਵਾਦ ਹੈ ਪਰਮੇਸ਼ੁਰ ਦਾ ਜੋ ਸਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਫਤਹ ਬਖਸ਼ਦਾ ਹੈ" (1 ਕੁਰਿੰਥੀਆਂ 15:57)!

ਕੁਝ ਲੇਖਕਾਂ ਨੇ ਆਤਮਿਕ ਯੁੱਧ ਦਾ ਉਲੇਖ ਕੀਤਾ ਹੈ ਜਿਸ ਵਿਚ ਹਰ ਇੱਕ ਵਿਅਕਤੀ "ਹਰਮਗਿੱਦੋਨ" ਦੇ ਰੂਪ ਵਿਚ ਜੁੜਿਆ ਹੋਇਆ ਹੈ। ਉਨ੍ਹਾਂ ਦੇ ਮਕਸਦ ਇਹ ਹਨ (1) ਇਸ ਗੱਲ ਨੂੰ ਦਿਖਾਉਣਾ ਕਿ ਹਰਮਗਿੱਦੋਨ ਉਹ ਯੁੱਧ ਨਹੀਂ ਹੈ ਜੋ ਫਲਿਸਤੀਨ ਦੀ ਧਰਤੀ ਦੇ ਉੱਤੇ ਲੜਿਆ ਗਿਆ ਸੀ; (2) ਇਸ ਗੱਲ ਉੱਤੇ ਜ਼ੋਰ ਦੇਣ ਦੇ ਲਈ ਕਿ ਜੋ ਯੁੱਧ ਪ੍ਰਭਾਵ ਪਾਉਂਦਾ ਹੈ ਉਹ ਆਤਮਿਕ ਯੁੱਧ ਹੈ ਸਰੀਰਕ ਯੁੱਧ ਨਹੀਂ ਹੈ; (3) ਨਿਜੀ ਅਮਲ ਬਣਾਉਣ ਦੇ ਲਈ। ਫਿਰ ਵੀ, *ਸਾਡੇ* ਸੰਘਰਸ਼ਾਂ ਦਾ ਹਵਾਲਾ ਦਿੰਦੇ ਹੋਏ "ਹਰਮਗਿੱਦੋਨ" ਇਸ ਮੁੱਦੇ ਨੂੰ ਭਰਮਾਉਂਦਾ ਹੈ। ਕੁਝ ਲੋਕ ਆਪਣੇ ਨਿਯਮਾਂ ਦੀ ਪੂਰਤੀ ਕਰਦੇ ਹਨ ਅਤੇ "ਤੁਹਾਡੇ ਨਿਜੀ ਹਰਮਗਿੱਦੋਨ" ਅਤੇ "ਛੋਟੇ ਹਰਮਗਿੱਦੋਨ" ਵਰਗੇ ਵਾਕਾਂ ਦਾ ਪ੍ਰਯੋਗ ਕਰਦੇ ਹਨ।

### ਪ੍ਰਭੂ ਦੇ ਲਈ ਤਿਆਰ ਰਹੋ (16:15)

ਸਾਨੂੰ ਉਨ੍ਹਾਂ ਵਰਗੇ ਨਹੀਂ ਹੋਣਾ ਚਾਹੀਦਾ ਹੈ ਜੋ ਤੋਬਾ ਕਰਨ ਤੋਂ ਇਨਕਾਰ ਕਰਦੇ ਹਨ। ਆਓ ਅਸੀਂ ਆਪਣੇ ਦਿਲਾਂ ਨੂੰ ਕੋਮਲਤਾ ਦੇ ਨਾਲ ਬਣਾਈ ਰੱਖੀਏ ਅਤੇ ਲਗਾਤਾਰ ਆਪਣੇ ਜੀਵਨਾਂ ਦੀ ਜਾਂਚ ਕਰੀਏ (2 ਕੁਰਿੰਥੀਆਂ 13:5)। ਜਦੋਂ ਅਸੀਂ ਪਾਪ ਕਰਦੇ ਹਾਂ, ਤਾਂ ਆਓ ਅਸੀਂ ਤੋਬਾ ਕਰੀਏ ਅਤੇ ਪਰਮੇਸ਼ੁਰ ਵੱਲ ਮੁੜੀਏ (ਪਰਕਾਸ਼ ਦੀ ਪੋਥੀ 2:5, 16, 22; 3:3, 19; ਵੇਖੋ 9:20, 21)। ਇਸ ਤਰ੍ਹਾਂ ਅਸੀਂ ਸਾਵਧਾਨ ਰਹਿੰਦੇ ਹਾਂ। ਇਸ ਤਰ੍ਹਾਂ ਅਸੀਂ ਪ੍ਰਭੂ ਦੇ ਆਉਣ ਦੇ ਲਈ ਤਿਆਰ ਰਹਿ ਸਕਦੇ ਹਾਂ (16:15)।

ਜੇਕਰ ਤੁਸੀਂ ਉਤਸਾਹ ਦੇ ਨਾਲ ਨਹੀਂ ਕਹਿ ਸਕਦੇ, "ਆਓ, ਪ੍ਰਭੂ ਯਿਸੂ" (22:20), ਤਾਂ ਜੋ ਜੋ ਕਰਨ ਦੀ ਲੋੜ ਹੈ ਉਹ ਕਰੋ – ਅਤੇ ਅਜਿਹਾ ਆਪਣੇ ਦਿਲ ਦੇ ਕਠੋਰ ਹੋ ਜਾਣ ਤੋਂ ਪਹਿਲਾਂ ਉਸ ਨੂੰ ਕਰੋ। ਡਾ. ਜੌਰਜ ਸਵੀਟਿੰਗ ਨੇ ਲਿਖਿਆ,

> ਕਈ ਸਾਲ ਪਹਿਲਾਂ ਸਾਡੇ ਪਰਿਵਾਰ ਨੇ ਨਗਾਰਾ ਝਰਨਿਆਂ ਨੂੰ ਵੇਖਣ ਦੇ ਲਈ ਗਏ ਸਾਂ। ਇਹ ਇੱਕ ਝਰਨਾ ਸੀ, ਅਤੇ ਬਰਫ਼ ਹੇਠਾਂ ਨਦੀ ਵੱਲ ਵਹਿ ਰਹੀ ਸੀ। ਮੇਰੇ ਵੇਖਦਿਆਂ-ਵੇਖਦਿਆਂ ਬਰਫ਼ ਦੇ ਵੱਡੇ ਵੱਡੇ ਟੁਕੜੇ ਝਰਨੇ ਵੱਲ ਵਹਿਣ ਲੱਗ ਪਏ, ਮੈਨੂੰ ਬਰਫ਼ ਵਿਚ ਮਰੀਆਂ ਮੱਛੀਆਂ ਦੀਆਂ ਲਾਸ਼ਾਂ ਜੰਮੀਆਂ ਹੋਈਆਂ ਸਨ। ਮੱਛੀਆਂ ਨੂੰ ਖਾਣ ਦੇ ਲਈ ਲੰਬੇ ਪੰਖਾਂ ਵਾਲੇ ਸਮੁੰਦਰੀ ਪੰਛੀ [ਗਿੱਲਾਂ] ਹੇਠਾਂ ਨਦੀ ਦੀ ਦਰਾਰ ਵਿਚ ਜਾ ਰਹੇ ਸਨ। ਜਦੋਂ ਉਹ ਝਰਨੇ ਵਿਚ ਡਿੱਗਣ ਲੱਗਦੇ ਸਨ ਤਾਂ ਉਨ੍ਹਾਂ ਦੇ ਖੰਭ ਬਾਹਰ ਨਿਕਲ ਆਉਂਦੇ ਸਨ, ਅਤੇ ਉਹ ਡਿੱਗਣ ਤੋਂ ਬਚ ਜਾਂਦੇ ਸਨ।
>
> ਮੈਂ ਇੱਕ ਗਿੱਲ ਨੂੰ ਵੇਖਿਆ ਜੋ ਦੇਰੀ ਕਰ ਰਿਹਾ ਸੀ . . . । ਇਹ ਇੱਕ ਮੱਛੀ ਦੀ ਲਾਸ਼ ਨੂੰ ਖਾਣ ਵਿਚ ਪੂਰੀ ਤਰ੍ਹਾਂ ਦੇ ਨਾਲ ਮਗਨ ਹੋ ਗਿਆ ਸੀ, ਅਤੇ ਆਖਿਰਕਾਰ ਜਦੋਂ ਉਹ ਝਰਨਿਆਂ

ਦੇ ਕੰਢੇ ਉੱਤੇ ਪਹੁੰਚਿਆ, ਤਾਂ ਇਸ ਦੇ ਸ਼ਕਤੀਸ਼ਾਲੀ ਪੰਖ ਬਾਹਰ ਨਿਕਲ ਆਏ। ਪੰਛੀ ਨੇ ਆਪਣੇ ਪੰਖਾਂ ਨੂੰ ਫੜਫੜਾਇਆ ਇੱਥੋਂ ਤਕ ਕਿ ਉਸ ਦੇ ਫੜਫੜਾਉਣ ਦੇ ਨਾਲ ਬਰਫ਼ ਵੀ ਬਾਹਰ ਨਿਕਲ ਰਹੀ ਸੀ . . . । ਪਰ ਬਹੁਤ ਦੇਰ ਹੋਣ ਦੇ ਕਾਰਨ ਉਸ ਦੇ ਪੰਜੇ ਬਰਫ਼ ਵਿਚ ਜੰਮ ਗਏ ਸਨ। ਬਰਫ਼ ਦਾ ਭਾਰ ਬਹੁਤ ਹੀ ਜ਼ਿਆਦਾ ਸੀ, ਅਤੇ ਗਿੱਲ ਅਥਾਹ ਕੁੰਡ ਵਿਚ ਡਿੱਗ ਪਿਆ।[46]

ਪਰਮੇਸ਼ੁਰ ਦੀ ਆਗਿਆਕਾਰੀ ਕਰਨ ਦੇ ਵਿਚ ਉਦੋਂ ਤਕ ਇੰਤਜ਼ਾਰ ਨਾ ਕਰੋ ਜਦੋਂ ਤਕ ਬਹੁਤ ਦੇਰ ਨਾ ਹੋ ਜਾਵੇ!

### "ਪਰਮੇਸ਼ੁਰ ਨੂੰ ਠੱਠਿਆਂ ਦੇ ਵਿੱਚ ਨਹੀਂ ਉਡਾਇਆ ਜਾਂਦਾ" (16:17-21)

16:17-21 ਤੇ ਇੱਕ ਸਬਕ ਦਾ ਸਿਰਲੇਖ: "ਜਦੋਂ ਪਰਮੇਸ਼ੁਰ ਮੱਥੇ ਵੱਟ ਪਾ ਲਵੇ", "ਪਰਮੇਸ਼ੁਰ ਮਜ਼ਾਕ ਨਹੀਂ ਹੈ," "ਪਰਮੇਸ਼ੁਰ ਦੀ ਲੰਬੀ ਯਾਦਾਸ਼ਤ" ਜਾਂ "ਅਕਾਸ਼ ਤੋਂ ਦਹਿਸ਼ਤ"।

---

ਟਿੱਪਣੀਆਂ

[1]ਵਿਲੀਅਮ ਬਾਰਕਲੇ, *ਦ ਰੈਵੇਲੇਸ਼ਨ ਆਫ਼ ਜੌਨ,* ਜਿਲਦ 2, ਸੋਧਿਆ ਅੰਕ, ਦ ਸਟੱਡੀ ਬਾਈਬਲ ਸੀਰੀਜ਼ (ਫ਼ਿਲਾਡੈਲਫੀਆ: ਵੇਸਟਮਿੰਸਟਰ ਪ੍ਰੈੱਸ, 1976) 126. [2]ਇਹ ਵਾਕ ਡਬਲਿਯੂ. ਬੀ. ਵੇਸਟ, ਜੂਨੀਅਰ, *ਰੈਵੇਲੇਸ਼ਨ ਥਰੂ ਫਰਸਟ, ਸੈਨੁਚਰੀ ਗਲਾਸਿਸ,* ਸੰਪਾ. ਬੋਬ ਪ੍ਰੀਚਰਡ (ਨੈਸ਼ਵਿਲ: ਗੌਸਪਲ ਐਡਵੋਕੇਟ ਕੰਪਨੀ, 1997), 108 ਵਿਚੋਂ ਲਿਆ ਗਿਆ ਹੈ। [3]ਜਿਮ ਮੈਕਗਿਊਗਨ, *ਦ ਬੁੱਕ ਆਫ਼ ਪਰਕਾਸ਼,* ਲੁਕਿੰਗ ਇੰਟੂ ਦ ਬਾਈਬਲ ਸੀਰੀਜ਼ (ਲੱਬੌਕ, ਟੈਕਸਾਸ: ਇੰਟਰਨੈਸ਼ਨਲ ਬਿਬਲੀਕਲ ਰਿਸੋਰਸਜ਼, 1976), 227. [4]ਐਡਵਰਡ ਏ. ਮੈਕਡੋਵੈਲ, *ਦ ਮੀਨਿੰਗ ਐਂਡ ਮੈਸੇਜ ਆਫ਼ ਦ ਬੁੱਕ ਆਫ਼ ਰੈਵੇਲੇਸ਼ਨ* (ਨੈਸ਼ਵਿਲ: ਬ੍ਰੋਡਮੈਨ ਪ੍ਰੈੱਸ, 1951), 164. [5]ਵੈਸਟ, 108. [6]ਲੀਓਨ ਮੌਰਿਸ, *ਰੈਵੇਲੇਸ਼ਨ,* ਸੋਧਿਆ ਅੰਕ, ਦੀ ਟਿੰਡਲ ਨਿਊ ਟੈਸਟਾਮੈਂਟ ਕਮੈਂਟਰੀਜ਼, ਸੰਪਾ. ਲੀਓਨ ਮੌਰਿਸ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1987), 188. [7]ਜੇਮਸ ਡੀ. ਸਟਰੌਸ, *ਦੀ ਸੀਰ, ਦੀ ਸੇਵੀਅਰ, ਐਂਡ ਸੇਵਡ,* ਸੋਧਿਆ ਅੰਕ, ਬਾਈਬਲ ਸਟੱਡੀ ਟੈਕਸਟ ਬੁੱਕ ਸੀਰੀਜ਼ (ਜੌਪਲਿਨ, ਮਿਸੌਰੀ: ਕਾੱਲਜ ਪ੍ਰੈੱਸ, 1979), 222. [8]ਹਾਲ ਲੀਂਡਸੇ, 237 ਮੈੱਕਗੁਗੈਨ ਦੇ ਵਿਚ ਹਵਾਲਾ ਦਿੱਤਾ ਗਿਆ ਹੈ। [9]ਵਾਰੈਨ ਡਬਲਿਯੂ. ਵਾਇਰਸਬੇ, *ਦ ਬਾਈਬਲ ਐਕਸਪੋਜੀਸ਼ਨ ਕਮੈਂਟਰੀ,* ਜਿਲਦ 2 (ਵੀਟਨ, ਇਲੀਨੋਇਿ: ਵਿਕਟਰ ਬੁਕਸ, 1989), 610. [10]ਵਿਲੀਅਮ ਹੈਂਡਰਿਕਸਨ, *ਮੌਰ ਦੇਨ ਕੰਕਰਰਸ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁੱਕ ਹਾਊਸ, 1954), 194.

[11]ਮਾਈਕਲ ਵਿਲਕੋਕ, *ਦ ਮੈਸੇਜ ਆਫ਼ ਰੈਵੇਲੇਸ਼ਨ: ਆਈ ਸਾਅ ਹੈਵਨ ਓਪਨਡ,* ਦ ਬਾਈਬਲ ਸਪੀਕਸ ਟੂਡੇ, ਸੰਪਾ. ਜੌਨ ਆਰ. ਡਬਲਿਯੂ. ਸਟੌਟ (ਡਾਉਨਰਸ ਗ੍ਰੋਵ, ਇਲੀਨੋਇਿ: ਇੰਟਰਵਰਸਿਟੀ ਪ੍ਰੈੱਸ, 1975), 147. [12]ਮੌਰਿਸ, 191. [13]ਸਟਰੌਸ, 225. [14]ਮੈਕਗਿਊਗਨ, 242. [15]ਜੇ. ਬੀ. ਫਿਲਿਪਸ, *ਦ ਨਿਊ ਟੈਸਟਾਮੈਂਟ ਇਨ ਮੌਡਰਨ ਇੰਗਲਿਸ਼*। [16]ਡੀ. ਟੀ. ਨਾਇਲਸ, *ਐਜ਼ ਸੀਇੰਗ ਦ ਇਨਵਿਜ਼ੀਬਲ: ਐਜ਼ ਸਟੱਡੀ ਆਫ਼ ਬੁੱਕ ਆਫ਼ ਰੈਵੇਲੇਸ਼ਨ* (ਨਿਊਯਾਰਕ: ਹਾਰਪਰ ਐਂਡ ਬ੍ਰਦਰਜ਼, ਪਬਲਿਸ਼ਰਜ਼, 1961), 85. [17]ਮੌਰਿਸ, 192-93. [18]ਜੌਨ ਡੀ. ਡੇਵਿਸ, *ਏ ਡਿਕਸ਼ਨਰੀ ਆਫ਼ ਦ ਬਾਈਬਲ,* ਚੌਥਾ ਸੋਧਿਆ ਅੰਕ (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁੱਕ ਹਾਊਸ, 1956), 489. [19]ਐਲਬਰਟ ਐੱਚ. ਬਲਡਿੰਗਰ ਵਿਚ ਦਿੱਤਾ ਗਿਆ ਬੇਨਾਮ ਇਤਹਾਸਕਾਰ ਦਾ ਹਵਾਲਾ, *ਪ੍ਰੀਚਿੰਗ ਫਰਾਮ ਰੈਵੇਲੇਸ਼ਨ: ਟਾਇਮਲੀ ਮੈਸੇਜ ਫਾਰ ਟ੍ਰਬਲਡ ਹਾਰਟਸ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਜੋਂਡਰਵਨ ਪਬਲਿਸ਼ਿੰਗ ਹਾਊਸ, 1960), 91. [20]ਹੈਨਰੀ ਬੀ. ਸਵੀਟ, *ਦ ਐਪੋਕਲਿਪਸ ਆਫ਼ ਸੈਂਟ ਜੌਨ,* ਤੀਸਰਾ ਸੋਧ (ਲੰਡਨ: ਮੈੱਕਮਿਲਨ ਕੰਪਨੀ, 1909; ਦੁਬਾਰਾ ਪ੍ਰਕਾਸ਼ਨ, ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1954), 209.

[21]ਬਲਡਿੰਗਰ, 90. [22]ਬਰੂਸ ਐਮ. ਮੈਟਜ਼ਰ, *ਬ੍ਰੇਕਿੰਗ ਦ ਕੋਡ: ਅੰਡਰਸਟੈਂਡਿੰਗ ਦ ਬੁੱਕ ਆਫ਼ ਰੈਵੇਲੇਸ਼ਨ* (ਨੈਸ਼ਵਿਲ: ਅਬਿੰਗਡਨ ਪ੍ਰੈੱਸ, 1993), 84. [23]ਹੋਮਰ ਹੈਲੀ, *ਰੈਵੇਲੇਸ਼ਨ: ਐਨ ਇੰਟ੍ਰੋਡਕਸ਼ਨ ਐਂਡ ਕਮੈਂਟਰੀ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁੱਕ ਹਾਊਸ, 1979), 336. [24]ਜੌਰਜ ਏਲਡਨ ਲਾਡ, *ਏ ਕਮੈਂਟਰੀ ਆੱਨ ਦ ਰੈਵੇਲੇਸ਼ਨ ਆਫ਼ ਜੌਨ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1972), 216. [25]ਰੌਬਰਟ ਐੱਚ. ਮਾਊਨਸ, *ਦ ਬੁੱਕ ਆਫ਼ ਰੈਵੇਲੇਸ਼ਨ,* ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆੱਨ ਦ ਨਿਊ ਟੈਸਟਾਮੈਂਟ, ਸੰਪਾ. ਐੱਫ਼.

ਐੱਫ਼. ਬਰੂਸ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1977), 301. [26]ਮੌਰਿਸ, 193. [27]ਜੀ. ਆਰ. ਬੇਸਲੀ-ਮਰੇ, *ਦ ਬੁੱਕ ਆਫ਼ ਰੈਵੇਲੇਸ਼ਨ*, ਦ ਨਿਊ ਸੈਂਚੁਰੀ ਬਾਈਬਲ ਕਮੈਂਟਰੀ, ਸੋਧ ਮੈਥਿਊ ਬਲੈਕ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1974), 245. [28]ਐਮ. ਰੌਬਰਟ ਮੁਲਹੌਲੈਂਡ, ਜੂਨੀਅਰ, *ਰੈਵੇਲੇਸ਼ਨ: ਹੋਲੀ ਲਿਵਿੰਗ ਇਨ ਐਨ ਅਨਹੋਲੀ ਵਰਲਡ*, ਫ੍ਰਾਂਸਿਸ ਅਸਬਰੀ ਪ੍ਰੈੱਸ ਕਮੈਂਟਰੀ, ਸੰਪਾ. ਐਮ. ਰੌਬਰਟ ਮੁਲਹੌਲੈਂਡ, ਜੂਨੀਅਰ (ਗ੍ਰੈਂਡ ਰੈਪਿਡਸ, ਮਿਸ਼ੀਗਨ: ਫ੍ਰਾਂਸਿਸ ਅਸਬਰੀ ਪ੍ਰੈੱਸ, 1990), 271. [29]ਬਰਟਨ ਕੌਫ਼ਮੈਨ, *ਕਮੈਂਟਰੀ ਔਨ ਰੈਵੇਲੇਸ਼ਨ* (ਔਸਟਿਨ, ਟੈਕਸੈਸ: ਫਰਮ ਫਾਊਂਡੇਸ਼ਨ ਪਬਲਿਸ਼ਿੰਗ ਹਾਊਸ, 1979), 376. [30]ਜੇਮਸ ਐਮ. ਐੱਫਡ, *ਰੈਵੇਲੇਸ਼ਨ ਫਾਰ ਟੂਡੇ* (ਨੈਸ਼ਵਿਲ: ਅਬਿੰਡਨ ਪ੍ਰੈੱਸ, 1989), 101.

[31]ਹੈਲੀ, 336-37. [32]ਕੌਫ਼ਮੈਨ, 376. [33]ਰੇ ਸਮਰਸ, *ਵਰਦੀ ਇਜ਼ ਦ ਲੈਂਬ* (ਨੈਸ਼ਵਿਲ: ਬਰੋਡਮੈਨ ਪ੍ਰੈੱਸ, 1951), 189. [34]ਐੱਚ. ਐੱਲ. ਐਲੀਸਨ, *1 ਪੀਟਰ – ਰੈਵੇਲੇਸ਼ਨ*, ਸਕਰਿਪਚਰ ਯੂਨੀਅਨ ਬਾਈਬਲ ਸਟੱਡੀ ਬੁਕਸ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1969), 76. [35]ਹੈਲੀ, 338. [36]ਮੌਰਿਸ, 195. [37]ਮਾਊਂਸ, 304-5. [38]ਚੱਕ ਕਾਲਕਲੈਜ਼ਰ, *ਦ ਓਵਰਕਮਰਸ*, ਮੌਰਿਸ ਵਿਚ ਲਿਖੀ ਗਈ, 190. [39]ਇਹ ਉਦਾਹਰਣ ਜੌਨ ਰਿੱਸੇ ਵੱਲੋਂ ਸਦਰਨ ਹਿਲਜ਼ ਚਰਚ ਆਫ਼ ਕ੍ਰਾਇਸਟ ਅਬਲੀਨ, ਟੈਕਸਾਸ, ਵਿਖੇ 2 ਜੂਨ 1991 ਨੂੰ ਪ੍ਰਚਾਰ ਕੀਤੇ ਗਏ ਸੰਦੇਸ਼ "ਦ ਫਾਇਨਲ ਸਾਈਕਲ ਔੱਫ਼ ਜਜਮੈਂਟ," ਵਿੱਚੋਂ ਲਿਆ ਗਿਆ ਹੈ। ਵੇਰਵੇ *ਗਲੋਰੀਅਰ ਮਲਟੀਮੀਡਿਆ ਐਲਸਾਈਕਲੋਪੀਡਿਆ*, 1997 ਸੰਪਾ. ਐੱਸ. ਵੀ. "ਪਿਜ਼ਾਰੋ" ਲਏ ਗਏ ਹਨ। [40]ਮੈਕਗਿਊਗਨ, 238.

[41]ਯੂਜੀਨ ਐੱਚ ਪੀਟਰਸ, *ਦ ਮੇਸਜ: ਨਿਊ ਟੈਸਟਾਮੈਂਟ ਵਿਦ ਸਾਮਸ ਐਂਡ ਪ੍ਰੋਵਰਬਸ*। [42]ਵੇਸਟ, 110-13. [43]ਬਲਡਿੰਗਰ, 92-94. [44]ਓਵਨ ਐੱਲ ਕਰੋਮਚ, *ਐਕਸਪੋਜ਼ਿਟਰੀ ਪ੍ਰੀਚਿੰਗ ਐਂਡ ਟੀਚਿੰਗ: ਰੈਵੇਲੇਸ਼ਨ* (ਜੋਪਲਿਨ, ਮਿਸੌਰੀ: ਕਾੱਲਜ ਪ੍ਰੈੱਸ ਪਬਲਿਸ਼ਿੰਗ ਕੰਪਨੀ, 1985), 287. [45]ਵੇਸਟ, 110. [46]ਕ੍ਰੈਗ ਬ੍ਰੈਨ ਵਿਚ ਹਵਾਲਾ ਦਿੱਤਾ ਗਿਆ ਹੈ ਲਾਰਸਨ, ਸੰਪਾ. *ਇਲਸਟ੍ਰੈਸ਼ਨਸ ਫਾਰ ਪ੍ਰੀਚਿੰਗ ਐਂਡ ਟੀਚਿੰਗ ਫਰੋਮ ਲੀਡਰਸ਼ਿਪ ਜਨਰਲ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁੱਕ, 1993), 180.